# 29

# ਜੋ ਕੁਝ ਤੁਹਾਡੇ ਕੋਲ ਹੈ ਉਹਦੀ ਵਰਤੋਂ ਕਰੋ

## (9:32-43)

ਸਰਸੀ ਵਿਚ ਆਉਣ ਦੇ ਥੋੜ੍ਹੀ ਦੇਰ ਬਾਅਦ ਮੈਂ ਅਤੇ ਮੇਰੀ ਪਤਨੀ ਘਰ ਲਈ ਗ਼ਲੀਚਾ ਲੈਣ ਇਕ ਦੁਕਾਨ ਵਿਚ ਚਲੇ ਗਏ। ਦੁਕਾਨਦਾਰ ਨੇ ਸਾਨੂੰ ਦੱਸਿਆ ਕਿ ਉਹ ਨੇ ਕਈ ਸਾਲ ਤਕ ਇੰਜੀਲ ਦਾ ਪ੍ਰਚਾਰ ਕੀਤਾ ਸੀ। ਆਡਰ ਲਿਖਣ ਲਈ, ਉਹਨੇ ਮੇਰਾ ਨਾਂਅ ਪੁੱਛਿਆ। ਜਦ ਮੈਂ ਦੱਸਿਆ ਕਿ ''ਡੇਵਿਡ ਰੋਪਰ'' ਤਾਂ ਉਹ ਰੁਕ ਗਿਆ, ਕਿਉਂਕਿ ਇਹ ਨਾਂਅ ਉਹਨੂੰ ਸੁਣਿਆ ਸੁਣਿਆ ਲੱਗਾ। ''ਹੰ ...,'' ਉਹ ਕਹਿਣ ਲੱਗਾ, ''ਇਕ ਡੇਵਿਡ ਰੋਪਰ ਹੁੰਦਾ ਸੀ ਜੋ ਬੜੀਆਂ ਕਿਤਾਬਾਂ ਲਿਖਦਾ ਸੀ ... ।'' ਮੈਨੂੰ ਇਹ ਸੁਣ ਕੇ ਧੱਕਾ ਜਿਹਾ ਲੱਗਾ ਕਿ ਮੈਂ ''ਹੁੰਦਾ ਸੀ''!

ਰਸੂਲਾਂ ਦੇ ਕੰਮ ਦੇ ਆਪਣੇ ਅਧਿਐਨ ਵਿਚ ਹੋ ਸਕਦਾ ਹੈ ਕਿ ਇੱਥੋਆਣ ਕੇ ਅਸੀਂ ਇਹ ਕਹਿਣ ਦੀ ਅਜ਼ਮਾਇਸ਼ ਵਿਚ ਪੈ ਜਾਈਏ ਕਿ ''ਪਤਰਸ ਨਾਂ ਦਾ ਇਕ ਰਸੂਲ *ਹੁੰਦਾ ਸੀ,* ਜੋ ਬਹੁਤ ਜੁਝਾਰੂ ਸੀ।''[1] ਅਧਿਆਇ 5 ਵਿਚ ਸਾਨੂੰ ਪਤਰਸ ਦੀ ਥੋੜ੍ਹੀ ਜਿਹੀ ਇੱਕੋ ਝਲਕ ਮਿਲੀ ਸੀ,[2] ਜਦ ਉਹ ਅਤੇ ਯੂਹੰਨਾ ਅਧਿਆਇ 8 ਵਿਚ ਸਾਮਰੀਆ ਵਿਚ ਆਏ ਸਨ। ਅਧਿਆਇ 6 ਅਤੇ 7 ਦੇ ਵਿਰਤਾਂਤ ਦਾ ਮੁੱਖ ਪਾਤਰ ਇਸਤੀਫ਼ਾਨ ਸੀ ਅਤੇ ਅਧਿਆਇ 8 ਵਿਚ ਫ਼ਿਲਿੱਪੁਸ। ਹੁਣ ਤਕ ਅਧਿਆਇ 9 ਵਿਚ ਸੌਲੁਸ ਦੀ ਮਨਬਦਲੀ ਅਤੇ ਮੁਢਲੀ ਸੇਵਕਾਈ ਤੇ ਜ਼ੋਰ ਦਿੱਤਾ ਗਿਆ ਹੈ। 9:32 ਤੇ ਆਣ ਕੇ ਅਸੀਂ ਫੇਰ ਪਤਰਸ ਉੱਤੇ ਆਪਣਾ ਧਿਆਨ ਲਾਉਂਦੇ ਹਾਂ।

32 ਤੋਂ 43 ਆਇਤਾਂ ਵਿਚ ਪਤਰਸ ਦੇ ਰਸੂਲ ਹੋਣ ਅਤੇ ਸੇਵਕਾਈ ਵਿਚਃ ਗੈਰ ਕੌਮਾਂ ਵਿਚ ਇੰਜੀਲ ਦਾ ਪਹਿਲੀ ਵਾਰ ਪ੍ਰਚਾਰ ਕਰਨ ਦੀਆਂ ਬੇਹੱਦ ਮਹੱਤਵਪੂਰਣ ਘਟਨਾਵਾਂ ਦੀ ਸ਼ੁਰੂਆਤ ਹੈ। ਅਧਿਆਇ 10 ਵਿਚ ਕੁਰਨੇਲਿਉਸ ਨੂੰ, ਜੋ ਕੈਸਰੀਆ ਵਿਚ ਰਹਿੰਦਾ ਸੀ ''ਯਾੱਪਾ ਨੂੰ ਮਨੁੱਖ ਭੇਜ ਕੇ ਉਸ ਸ਼ਮਊਨ ਨੂੰ ਜਿਹੜਾ ਪਤਰਸ ਸੱਦੀਦਾ ਹੈ ਬੁਲਵਾ'' (ਆਇਤ 5) ਲੈਣ ਲਈ ਆਖਿਆ ਗਿਆ। ਪਤਰਸ ਯਾੱਪਾ ਵਿਚ ਕੀ ਕਰ ਰਿਹਾ ਸੀ? ਉਹ ਯਾੱਪਾ ਵਿਚ ਇਸ ਲਈ ਰੁਕਿਆ ਸੀ ਕਿਉਂਕਿ ਦੋਰਕਸ ਦੀ ਮੌਤ ਹੋਣ ਤੇ ਭਾਈਆਂ ਨੇ ਉਹਨੂੰ ਲੁੱਦਾ ਵਿਚ ਸੱਦ ਲਿਆ ਸੀ। ਪਤਰਸ ਲੁੱਦਾ ਵਿਚ ਕੀ ਕਰ ਰਿਹਾ ਸੀ? ਉਹ ਲੁੱਦਾ ਵਿਚ ਇਸ ਲਈ ਸੀ ਕਿਉਂਕਿ ਉਹ ਪ੍ਰਚਾਰ ਕਰਨ, ਸਿੱਖਿਆ ਦੇਣ ਅਤੇ ਭਾਈਆਂ ਨੂੰ ਮਜ਼ਬੂਤ ਕਰਨ ਲਈ ਸਾਰੇ ਫ਼ਲਸਤੀਨ ਵਿਚ ਘੁੰਮ ਰਿਹਾ ਸੀ। ਇੱਥੋਂ ਅਸੀਂ ਆਪਣੇ ਪਾਠ ਦੀ ਪਹਿਲੀ ਆਇਤ ਵੱਲ ਵਧਦੇ ਹਾਂ। ਕੁਦਰਤੀ ਹੀ 9:32-43 ਵਿਚ ਹਰ ਘਟਨਾ ਅਗਲੀ ਘਟਨਾ ਨਾਲ ਜੁੜਦੀ ਹੈ ਅਤੇ ਅਧਿਆਇ 10

ਲਈ ਅਧਾਰ ਤਿਆਰ ਕਰਦੀ ਹੈ।

ਅਧਿਆਇ 9 ਦਾ ਅੰਤ ਕੁਰਨੇਲਿਉਸ ਦੀ ਮਨਬਦਲੀ ਵੱਲ ਲਿਜਾਂਦਾ ਹੈ, ਇਸ ਲਈ ਹੋ ਸਕਦਾ ਹੈ ਕਿ ਅਸੀਂ ਅਧਿਆਇ 10 ਵੱਲ ਜਾਣ ਲਈ ਇਸ ਵਿੱਚੋਂ ਦੀ ਹੋ ਕੇ ਜਾਣ ਦੀ ਅਜ਼ਮਾਇਸ਼ ਵਿਚ ਪੈ ਜਾਈਏ। ਪਰ ਮੈਨੂੰ ਇਸ ਆਇਤ ਵਿਚ ਅਗਲੇ ਪਾਠ ਦੀ ਤਿਆਰੀ ਨਾਲੋਂ ਕੁਝ ਵੱਧ ਨਜ਼ਰ ਆਉਂਦਾ ਹੈ। ਇਨ੍ਹਾਂ ਆਇਤਾਂ ਵਿਚ, ਸਾਨੂੰ ਮੁਢਲੀ ਕਲੀਸੀਆ ਦੇ ਕੰਮ ਦੀ ਇਕ ਝਲਕ ਮਿਲਦੀ ਹੈ ਕਿ ਕਿਵੇਂ ਮੰਡਲੀਆਂ ਨੇ ਲੀਕ ਤੋਂ ਹਟ ਕੇ ਆਪਣੇ ਵਿਸ਼ਵਾਸ ਨੂੰ ਦੂਜਿਆਂ ਤਕ ਪਹੁੰਚਾਇਆ। ਫਿਰ ਹੋਰ ਨੇੜਿਓਂ ਵੇਖਣ ਤੇ ਇਕ ਹੋਰ ਵਿਚਾਰ ਮੇਰੇ ਦਿਮਾਗ਼ ਵਿਚ ਆਉਂਦਾ ਹੈ ਕਿ ਇਹ ਆਇਤਾਂ ਮਸੀਹੀ ਲੋਕਾਂ ਬਾਰੇ ਹਨ ਕਿ ਪ੍ਰਭੂ ਲਈ *ਜੋ ਕੁਝ ਉਨ੍ਹਾਂ ਕੋਲ ਹੈ, ਉਹਦੀ ਵਰਤੋਂ ਉਹ ਕਿਵੇਂ ਕਰ ਸਕਦੇ ਹਨ।* ਮੈਂ ਤੁਹਾਨੂੰ ਦੱਸਦਾ ਹਾਂ ਕਿ ਮੇਰੇ ਕਹਿਣ ਤੋਂ ਕੀ ਭਾਵ ਹੈ।

## ਪਤਰਸ ਕੋਲ ਜੋ ਕੁਝ ਸੀ, ਉਹਨੇ ਉਸ ਦੀ ਵਰਤੋਂ ਕੀਤੀ (9:32-35)

9:32-11:18 ਨੂੰ ਕਿਸੇ ਨੇ ‘‘ਪਤਰਸ ਦੇ ਕੰਮ’’ ਕਿਹਾ ਹੈ। ਵਚਨ ਦਾ ਸਾਡਾ ਹਵਾਲਾ, 9:32-43 ਸ਼ੁਰੂ ਹੁੰਦਾ ਹੈ, ‘‘ਤਾਂ ਐਉਂ ਹੋਇਆ ਕਿ ਪਤਰਸ ਸਭਨੀਂ ਪਾਸੀਂ ਫਿਰਦਾ ਫਿਰਦਾ[6] ਉਨ੍ਹਾਂ ਸੰਤਾਂ ਕੋਲ ਵੀ ਆਇਆ ਜਿਹੜੇ ਲੁੱਦਾ ਵਿਚ ਰਹਿੰਦੇ ਸਨ’’ (ਆਇਤ 32)। ‘‘ਮਿਸ਼ਨਰੀ ਯਾਤਰਾ’’ ਸ਼ਬਦ ਨੂੰ ਆਮ ਤੌਰ ਤੇ ਅਸੀਂ ਪੌਲੁਸ ਨਾਲ ਹੀ ਜੋੜਦੇ ਹਾਂ, ਪਰ ਰਸੂਲਾਂ ਦੇ ਕੰਮ ਕਿਤਾਬ ਵਿਚ ਮਿਸ਼ਨਰੀ ਯਾਤਰਾਵਾਂ ਹੋਰਨਾਂ ਨੇ ਕੀਤੀਆਂ। ਇੰਜੀਲ ਦੇ ਪ੍ਰਚਾਰਕ ਫ਼ਿਲਿੱਪੁਸ ਨੇ ਸਾਮਰੀਆ ਦੇ ਦੱਖਣ ਵਿਚ, ਗਾਜ਼ਾ ਦੇ ਰਾਹ ਦੇ ਦੱਖਣ, ਅਜ਼ੋਤੁਸ ਦੇ ਦੱਖਣ ਪੱਛਮ ਦੀ ਅਤੇ ਕੈਸਰੀਆ ਦੇ ਉੱਤਰੀ ਕੰਢੇ ਦੀ ਮਿਸ਼ਨਰੀ ਯਾਤਰਾ ਕੀਤੀ। ਪਤਰਸ ਅਤੇ ਯੂਹੰਨਾ ਨੇ ਪਹਿਲਾਂ ਸਾਮਰੀਆ ’ਚੋਂ ਹੁੰਦੇ ਹੋਏ ਮਿਸ਼ਨਰੀ ਯਾਤਰਾ ਕੀਤੀ ਸੀ। ਹੁਣ ਪਤਰਸ ਫ਼ਲਸਤੀਨ (ਆਇਤ 32 ਵਿਚਲਾ ‘‘ਸਭਨੀਂ ਪਾਸੀਂ’’ ਪਿਛਲੀ ਆਇਤ ਵਿਚ ਦਿੱਤੇ ਯਹੂਦੀਆ, ਸਾਮਰੀਆ ਅਤੇ ਗਲੀਲ ਦੇ ਇਲਾਕੀਆਂ ਲਈ ਹੈ) ਦੀ ਮਿਸ਼ਨਰੀ ਯਾਤਰਾ ਕਰ ਰਿਹਾ ਸੀ।

ਪਤਰਸ ਉਹਦੀ ਵਰਤੋਂ ਕਰ ਰਿਹਾ ਸੀ ਜੋ ਕੁਝ ਉਹਦੇ ਕੋਲ ਸੀ। ਉਹਨੂੰ ਪ੍ਰਭੂ ਨੂੰ ਜਾਣਨ ਅਤੇ ਉਹਦੇ ਜੀ ਉੱਠਣ ਦੇ ਗਵਾਹ ਹੋਣ ਦੇ ਮੌਕੇ ਦਿੱਤੇ ਗਏ ਸਨ। ਉਸ ਨੂੰ ਆਤਮਾ ਦੀ ਪ੍ਰੇਰਣਾ ਨਾਲ ਬੋਲਣ ਅਤੇ ਚੰਗਿਆਈ ਦੇਣ ਦੀਆਂ ਸ਼ਕਤੀਆਂ ਮਿਲੀਆਂ ਸਨ। ਉਸ ਨੇ ਇਹ ਯਾਤਰਾ ਉਸ ਸਭ ਦੀ ਵਰਤੋਂ ਕਰਨ ਲਈ ਕੀਤੀ ਜੋ ਉਹ ਪ੍ਰਭੂ ਲਈ ਕਰ ਸਕਦਾ ਸੀ ਅਤੇ ਉਹਦੇ ਲਈ ਕਰਨਾ ਜ਼ਰੂਰੀ ਸੀ। ਉਹ ਭਾਈਆਂ ਨੂੰ ਮਜ਼ਬੂਤ ਕਰਨਾ[7] ਅਤੇ ਗੁਆਚਿਆਂ ਹੋਇਆਂ ਨੂੰ ਬਚਾਉਣਾ ਚਾਹੁੰਦਾ ਸੀ।[8]

‘‘ਪਤਰਸ ਸਭਨੀਂ ਪਾਸੀਂ ਫਿਰਦਾ ਉਨ੍ਹਾਂ ਸੰਤਾਂ ਕੋਲ ਵੀ ਆਇਆ ਜਿਹੜੇ ਲੁੱਦਾ ਵਿਚ ਰਹਿੰਦੇ ਸਨ’’ (ਆਇਤ 32)। ਲੁੱਦਾ ਯਰੂਸ਼ਲਮ ਤੋਂ ਛੱਬੀ ਕੁ ਮੀਲ ਉੱਤਰ ਪੱਛਮ ਵੱਲ ਇਕ ਪਿੰਡ ਸੀ, ਜੋ ਯਹੂਦੀਆ ਦੀਆਂ ਪਹਾੜੀਆਂ ਦਾ ਹੇਠਲਾ ਉਪਜਾਊ ਮੈਦਾਨ ਸੀ।[9] ਪਤਰਸ ਲੁੱਦਾ ਵਿਚ ‘‘ਆਇਆ,’’ ਜਿਸ ਲਈ ਹੋ ਸਕਦਾ ਹੈ ਕਿ ਉਹ ਯਰੂਸ਼ਲਮ ’ਚੋਂ ਹੁੰਦਾ ਹੋਇਆ ਗਿਆ ਹੋਵੇ। ਲੁੱਦਾ ਆਉਣ ਤੇ ਉਹਨੂੰ ਉੱਥੋਂ ਦੇ ਸੰਤ ਮਿਲੇ। ਮਸੀਹੀ ਲੋਕਾਂ ਨੂੰ ‘‘ਸੰਤ’’ ਕਿਹਾ ਗਿਆ ਹੈ।[10] ਇਨ੍ਹਾਂ ਸੰਤਾਂ ਵਿਚ ਕੁਝ ਉਹ ਹੋਣਗੇ ਜੋ ਯਰੂਸ਼ਲਮ ’ਚੋਂ ਖਿੰਡ ਪੁੰਡ ਗਏ ਸਨ (8:1, 4)। ਹੋਰਨਾਂ ਨੂੰ ਯਰੂਸ਼ਲਮ ਤੋਂ ਆਉਣ ਵਾਲੇ ਉਨ੍ਹਾਂ ਮਸੀਹੀ ਲੋਕਾਂ ਨੇ ਬਦਲਿਆ ਹੋਵੇਗਾ ਜੋ

‘‘ਵਚਨ ਦੀ ਖੁਸ਼ਖ਼ਬਰੀ ਸੁਣਾਉਂਦੇ ਫਿਰੇ’’ ਸਨ (8:4)। ਫ਼ਿਲਿੱਪੁਸ ਨੇ ਹੋਰ ਵੀ ਲੋਕਾਂ ਨੂੰ ਬਦਲਿਆ ਹੋਵੇਗਾ ਜਦ ਉਹ ਅਜ਼ੋਤੁਸ ਤੋਂ ਕੈਸਰੀਆ ਵਿਚ ਜਾਂਦਾ ਹੋਇਆ ‘‘ਸਭਨਾਂ ਨਗਰਾਂ ਵਿਚ ਖੁਸ਼ਖ਼ਬਰੀ ਸੁਣਾਉਂਦਾ ਗਿਆ’’ ਸੀ (8:40)।[11]

ਪਤਰਸ ਜਦ ਲੁੱਦਾ ਵਿਚ ਸੰਤਾਂ ਦੀ ਸੇਵਾ ਕਰ ਰਿਹਾ ਸੀ, ਤਾਂ ‘‘ਉੱਥੇ ਐਨਿਆਸ ਨਾਮੇ[12] ਇਕ ਮਨੁੱਖ ਉਹ ਨੂੰ ਮਿਲਿਆ’’ (9:33) ਉਹ ‘‘ਅਧਰੰਗ ਦੇ ਮਾਰੇ ਅੱਠਾਂ ਵਰ੍ਹਿਆਂ ਤੋਂ ਮੰਜੇ ਉੱਤੇ[13] ਪਿਆ ਹੋਇਆ ਸੀ’’ (9:33)। ਵੈਦ ਲੂਕਾ ਨੇ ਇਸ ਆਦਮੀ ਦੀ ਬੀਮਾਰੀ ਬਾਰੇ ਦੱਸਿਆ ਕਿ ਅੱਠ ਸਾਲ ਪਹਿਲਾਂ ਐਨਿਆਸ ਚੱਲਣ, ਕੰਮ ਕਰਨ ਅਤੇ ਜ਼ਿੰਦਗੀ ਦਾ ਅਨੰਦ ਲੈਣ ਦੀ ਯੋਗ ਸੀ। ਇਕ ਦਿਨ ਉਹ ਬਿਸਤਰੇ ’ਚੋਂ ਇਸ ਉਮੀਦ ਨਾਲ ਉੱਠਿਆ ਕਿ ਇਹ ਦਿਨ ਵੀ ਦੂਜੇ ਦਿਨਾਂ ਵਾਂਗ ਹੀ ਹੋਵੇਗਾ। ਪਰ ਅਸਲ ’ਚ ਅਜਿਹਾ ਨਹੀਂ ਸੀ। ਪਤਾ ਨਹੀਂ ਕੀ ਹੋਇਆ ਸੀ। ਸ਼ਾਇਦ ਕਿਸੇ ਦੁਰਘਟਨਾ ਨਾਲ ਉਹਦੀ ਰੀੜ੍ਹ ਦੀ ਹੱਡੀ ਫਿੱਸ ਗਈ ਸੀ ਜਾਂ ਸ਼ਾਇਦ ਉਹਨੂੰ ਕਿਸੇ ਬੀਮਾਰੀ ਨੇ ਜਕੜ ਲਿਆ ਸੀ ਜਿਸ ਨਾਲ ਉਹਦਾ ਤੰਤੂ ਪ੍ਰਬੰਧ (ਨਰਵਸ ਸਿਸਟਮ) ਖਰਾਬ ਹੋ ਗਿਆ ਸੀ। ਕਾਰਣ ਕੁਝ ਵੀ ਰਿਹਾ ਹੋਵੇ, ਉਹ ਇਕ ਅਧਰੰਗੀ ਯਾਨੀ ਅਪਾਹਜ ਹੋ ਗਿਆ ਸੀ। ਅੱਠ ਸਾਲਾਂ ਤੋਂ, ਐਨਿਆਸ ਦੂਜਿਆਂ ਦੇ ਰਹਿਮੋ ਕਰਮ ਤੇ ਸੀ।

ਪਤਰਸ ਦਾ ਪਹਿਲਾ ਲਿਖਤ ਮੋਅਜਜ਼ਾ ‘‘ਜਮਾਂਦਰੂ ਲੰਗੜੇ’’ ਨੂੰ ਚੰਗਾ ਕਰਨ ਸੀ (3:2)। ਹੁਣ ਇਸ ਰਸੂਲ ਦੇ ਸਾਹਮਣੇ ਉਹੋ ਜਿਹੀ ਹੀ ਇਕ ਚੁਣੌਤੀ ਸੀ। ਉਹ ਝਕਿਆ ਨਹੀਂ। ‘‘ਪਤਰਸ ਨੇ ਉਸ ਨੂੰ ਆਖਿਆ, ਐਨਿਆਸ, ਯਿਸੂ ਮਸੀਹ ਤੈਨੂੰ ਚੰਗਾ ਕਰਦਾ ਹੈ, ਉੱਠ ਅਤੇ ਆਪਣਾ ਵਿਛਾਉਣਾ ਸੁਧਾਰ’’[14] (9:34)। ਹਮੇਸ਼ਾ ਵਾਂਗ, ਪਤਰਸ ਨੇ ਇਹਦਾ ਸਿਹਰਾ ਆਪਣੇ ਸਿਰ ਨਹੀਂ ਲਿਆ। ਇਸ ਆਦਮੀ ਨੂੰ ‘‘ਯਿਸੂ ਮਸੀਹ ... ਦੇ ਨਾਮ ਨਾਲ ਚੰਗਾ’’ ਕੀਤਾ ਗਿਆ ਸੀ (4:10)। ਆਪਣੀ ਨਿੱਜੀ ਸੇਵਕਾਈ ਦੌਰਾਨ, ਯਿਸੂ ਨੇ ਇਕ ਅਧਰੰਗੀ ਨੂੰ ਕਿਹਾ ਸੀ, ‘‘ਉੱਠ ਆਪਣੀ ਮੰਜੀ ਚੁੱਕ ਕੇ ਘਰ ਚਲਿਆ ਜਾ’’ (ਮੱਤੀ 9:6) ਅਤੇ ਉਸ ਆਦਮੀ ਨੇ ਉਹਦੀ ਗੱਲ ਮੰਨੀ ਸੀ। ਐਨਿਆਸ ਪਹਿਲਾਂ ਹੀ ਘਰ ਵਿਚ ਸੀ,[15] ਸੋ ਪਤਰਸ ਨੇ ਉਹਨੂੰ ਸਿਰਫ਼ ਐਨਾ ਕਿਹਾ, ‘‘ਉੱਠ ਅਤੇ ਆਪਣਾ ਵਿਛਾਉਣਾ ਸੁਧਾਰ।’’

ਕਿਸੇ ਪਿਤਾ ਨੇ ਇਕ ਵਾਰ ਦੁਖੀ ਹੋ ਕੇ ਕਿਹਾ ਸੀ, ‘‘ਮੈਂ ਚਾਹੁੰਦਾ ਹਾਂ ਕਿ ਮੇਰੇ ਬੱਚੇ ਰਸੂਲਾਂ ਦੇ ਕੰਮ 9 ਅਧਿਆਇ ਵਾਲੇ ਅਧਰੰਗੀ ਬਣ ਜਾਣ।’’ ਫਿਰ ਉਹਨੇ ਦੱਸਿਆ ਕਿ ਉਹਦੇ ਇਹ ਕਹਿਣ ਤੋਂ ਭਾਵ ਹੈ ਕਿ ‘‘ਹਰ ਰੋਜ਼ ਸਵੇਰੇ ਮੈਂ ਆਪਣੇ ਬੱਚਿਆਂ ਨੂੰ ਕਹਿੰਦਾ ਹਾਂ, ‘ਉੱਠੋ ਆਪਣੇ ਬਿਸਤਰੇ ਇਕੱਠੇ ਕਰੋ’ ਪਰ ਕੋਈ ਮੇਰੀ ਗੱਲ ਨਹੀਂ ਸੁਣਦਾ!’’ ਧਿਆਨ ਰੱਖੋ ਕਿ ਉਸ ਜ਼ਮਾਨੇ ਵਿਚ (ਜਿਵੇਂ ਅੱਜ ਵੀ ਕਈ ਜਗ੍ਹਾ ਹੁੰਦਾ ਹੈ[16]), ਬਿਸਤਰੇ ਰਾਤ ਨੂੰ ਫ਼ਰਸ਼ ਤੇ ਵਿਛਾਈਆਂ ਗਈਆਂ ਚੱਟਾਈਆਂ ਹੁੰਦੀਆਂ ਸਨ ਜਿਨ੍ਹਾਂ ਨੂੰ ਅਗਲੀ ਸਵੇਰ ਇਕੱਠੇ ਕਰਕੇ ਰੱਖ ਦਿੱਤਾ ਜਾਂਦਾ ਸੀ।[17] ਐਨਿਆਸ ਦਾ ਵਿਛਾਉਣਾ ਅੱਠ ਸਾਲ ਤੋਂ ਚੁੱਕਿਆ ਨਹੀਂ ਗਿਆ ਸੀ। ਉਹ ਇਸ ਉੱਤੇ ਕਈ ਸਾਲਾਂ ਤੋਂ ਦਿਨ-ਰਾਤ ਪਿਆ ਰਹਿੰਦਾ ਸੀ। ਪਤਰਸ ਨੇ ਉਹਨੂੰ ਉੱਠਣ, ਆਪਣੇ ਪੈਰਾਂ ਤੇ ਖਲੋਣ, ਅਤੇ ਉਸ ਵਿਛੌਣੇ ਨੂੰ ਇਕ ਪਾਸੇ ਰੱਖਣ ਲਈ ਕਿਹਾ ਜੋ ਤਕਰੀਬਨ ਇਕ ਦਹਾਕੇ ਤੋਂ ਉਹਦੇ ਲਈ ਕੈਦ ਬਣ ਚੁੱਕਿਆ ਸੀ।

ਅਸੀਂ ਧਿਆਨ ਦਿੱਤਾ ਸੀ ਕਿ ਅੱਜ ਦੇ ਕਥਿਤ ‘‘ਮੋਅਜਜ਼ਿਆਂ’’ ਦੇ ਉਲਟ, ਬਾਈਬਲ ਦੇ ਸਮੇਂ ਦੇ ਮੋਅਜਜ਼ੇ ਓਸੇ ਵੇਲੇ, ਸੰਪੂਰਣ ਅਤੇ ਕਾਇਲ ਕਰਨ ਵਾਲੇ ਹੁੰਦੇ ਸਨ। ਐਨਿਆਸ ਦੀ ਚੰਗਾਈ ਵਿਚ ਵੀ ਇਹੀ ਗੱਲ ਲਾਗੂ ਹੁੰਦੀ ਸੀ: ‘‘ਅਤੇ ਉਹ ਝੱਟ ਉੱਠਿਆ’’ (9:34)।

ਐਨਿਆਸ ਨੂੰ ਕਿੰਨਾ ਚੰਗਾ ਲੱਗਾ ਹੋਵੇਗਾ, ਅਤੇ ਉਸ ਸਾਰੇ ਇਲਾਕੇ ਵਿਚ ਕਿੰਨੀ ਉੱਤੇਜਨਾ ਵਾਲੀ ਹੋਵੇਗੀ! ''ਤਾਂ ਲੁੱਦਾ ਅਤੇ ਸ਼ਰੋਨ ਦੇ ਸਾਰੇ ਵਾਸੀਆਂ ਨੇ ਉਸ ਨੂੰ ਵੇਖਿਆ'' (9:35)। ਸ਼ਰੋਨ ਇਕ ਉਪਜਾਊ ਮੈਦਾਨ ਸੀ ਜੋ ਯਾੱਪਾ ਤੋਂ ਕੈਸਰੀਆ ਤਕ ਭੂਮੱਧ ਕਿਨਾਰੇ ਤਕ ਫੈਲੇ ਹੋਏ ਆਪਣੇ ਖੂਬਸੂਰਤ ਜੰਗਲੀ ਫੁੱਲਾਂ ਲਈ ਮਸ਼ਹੂਰ ਸੀ (ਸਰੇਸ਼ਟ ਗੀਤ 2:1)।[18] ਐਨਿਆਸ ਮਸ਼ਹੂਰ ਆਦਮੀ ਸੀ ਜਿਸ ਕਰਕੇ ਇਲਾਕੇ ਦੇ ਸਭ ਲੋਕਾਂ ਨੂੰ ਇਹ ਸੁਣ ਕੇ ਕਿ ਉਹਦੇ ਨਾਲ ਕੀ ਹੋਇਆ, ਹੈਰਾਨੀ ਹੋਈ।

ਮੋਅਜਜ਼ਿਆਂ ਦਾ ਮੁੱਖ ਮਕਸਦ ਵਚਨ ਨੂੰ ਪੱਕਾ ਕਰਨਾ ਸੀ (ਇਬਰਾਨੀਆਂ 2:3, 4)। ਜਦ ਲੁੱਦਾ ਅਤੇ ਆਲੇ ਦੁਆਲੇ ਦੇ ਲੋਕਾਂ ਨੇ ਵੇਖਿਆ ਕਿ ਐਨਿਆਸ ਚੰਗਾ ਹੋ ਕੇ ਚੱਲ ਰਿਹਾ ਹੈ, ਤਾਂ ਉਨ੍ਹਾਂ ਝੇ ''ਪ੍ਰਭੂ ਉੱਤੇ ਨਿਹਚਾ ਕੀਤੀ'' (9:42)[19] ਅਤੇ ''ਪ੍ਰਭੂ ਦੀ ਵੱਲ ਫਿਰੇ'' (9:35)। ਪਤਰਸ ਨੇ ਆਦਮੀ (ਖ਼ੁਦ) ਵੱਲੋਂ ਮੋੜ ਕੇ ਧਿਆਨ ਸ਼ਕਤੀ (ਯਿਸੂ)[20] ਵੱਲ ਕਰਵਾ ਦਿੱਤਾ ਸੀ, ਜਿਸ ਨਾਲ ਬਹੁਤ ਸਾਰੇ ਲੋਕ ਮਸੀਹੀ ਬਣ ਗਏ। ਜਦ ਲੋਕ ਉਸ ਚੀਜ਼ ਦੀ ਜੋ ਉਨ੍ਹਾਂ ਦੇ ਕੋਲ ਹੈ ਵਰਤੋਂ ਕਰਦੇ ਹਨ, ਤਾਂ ਪ੍ਰਭੂ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਬਰਕਤ ਪਾਉਂਦਾ ਹੈ!

## ਦੋ ਚੇਲਿਆਂ ਨੇ ਜੋ ਕੁਝ ਉਨ੍ਹਾਂ ਕੋਲ ਸੀ ਉਹਦੀ ਵਰਤੋਂ ਕੀਤੀ (9:26-38)

ਨਜ਼ਾਰਾ ਬਦਲ ਕੇ ਪੰਦਰਾਂ ਮੀਲ ਪੱਛਮ ਵੱਲ, ਸਮੁੰਦਰ ਕੰਢੇ ਵੱਸੇ ਯਾੱਪਾ ਨਗਰ ਵਿਚ ਚੱਲਿਆ ਜਾਂਦਾ ਹੈ।[21] ਸੁਲੇਮਾਨ ਦੇ ਜ਼ਮਾਨੇ ਵਿਚ ਲਬਾਨੋਨ ਤੋਂ ਦਿਓਦਾਰ ਦੀ ਲੱਕੜੀ ਸੂਰ ਤੋਂ ਯਾੱਪਾ ਵੱਲ ਵਹਾ ਕੇ ਯਰੂਸ਼ਲਮ ਵਿਚ ਹੈਕਲ ਬਣਨ ਵਾਸਤੇ ਭੇਜੀ ਜਾਂਦੀ ਸੀ (2 ਇਤਿਹਾਸ 2:16)। ਯੂਨਾਹ ਨਬੀ ਤਰਸੁਸ ਨੂੰ ਜਾਣ ਲਈ ਯਾੱਪਾ ਤੋਂ ਹੀ ਜਹਾਜ਼ ਤੇ ਬੈਠਾ ਸੀ (ਯੂਨਾਹ 1:3)। ਯਾੱਪਾ ਵਿਚ ਹੁਣ ਪ੍ਰਭੂ ਦੀ ਕਲੀਸੀਆ ਸੀ, ਜੋ ਸ਼ਾਇਦ ਲੁੱਦਾ ਦੀ ਕਲੀਸੀਆ ਦੇ ਨਾਲ ਹੀ ਬਣੀ ਸੀ। ਸਾਡੀ ਦਿਲਚਸਪੀ ਯਾੱਪਾ ਦੀ ਮੰਡਲੀ ਦੇ ਇਕ ਮੈਂਬਰ ਵਿਚ ਹੈ: ''ਯਾੱਪਾ ਵਿਚ ਤਬਿਥਾ[22] ਕਰਕੇ ਜਿਸ ਦਾ ਅਰਥ ਹਿਰਨੀ ਹੈ ਇਕ ਚੇਲੀ ਸੀ (ਜਿਹਦਾ ਯੂਨਾਨੀ ਅਨੁਵਾਦ ਦੋਰਕਾਸ ਹੈ); ਇਹ ਤੀਵੀਂ ਸ਼ੁਭ ਕਰਮਾਂ ਅਤੇ ਪੁੰਨ ਦਾਨ ਕਰਨ ਵਿਚ ਰੁੱਝੀ ਰਹਿੰਦੀ ਸੀ'' (9:36)। ''ਤਬਿਥਾ'' ਉਹਦਾ ਅਰਾਮੀ ਨਾਂਅ ਸੀ। ''ਤਬਿਥਾ'' ਅਤੇ ''ਦੋਰਕਸ'' ਦੋਹਾਂ ਦਾ ਅਰਥ ਹੈ ''ਮਿਰਗ।''[23] ਮਿਰਗ ਹਿਰਨ ਜਾਤੀ ਦਾ ਇਕ ਬੇਹੱਦ ਖ਼ੂਬਸੂਰਤ ਅਤੇ ਸੋਹਣਾ ਜੀਵ ਹੈ। ਐਫ਼. ਐਫ਼. ਬਰੂਸ ਨੇ ਆਇਤ 36 ਦੇ ਆਖ਼ਰੀ ਭਾਗ ਦਾ ਅਨੁਵਾਦ ਇਸ ਤਰ੍ਹਾ ਕੀਤਾ ਹੈ, ''ਉਹ ਆਪਣਾ ਸਾਰਾ ਵਕਤ ਭਲੇ ਕੰਮਾਂ ਅਤੇ ਰਹਿਮ ਕਰਨ ਵਿਚ ਗੁਜ਼ਾਰਦੀ ਸੀ।''[24]

ਤਬਿਥਾ ਨੂੰ ਮੰਡਲੀ ਅਤੇ ਸਮਾਜ ਦੇ ਲੋਕ ਪਸੰਦ ਕਰਦੇ ਸਨ ਅਤੇ ਉਹਦੀ ਤਰੀਫ਼ ਕੀਤੀ ਜਾਂਦੀ ਸੀ, ਪਰ ''ਐਉਂ ਹੋਇਆ ਕਿ ਉਨ੍ਹੀਂ ਦਿਨੀਂ ਬੀਮਾਰ ਹੋ ਕੇ ਉਹ ਮਰ ਗਈ''[25] (ਆਇਤ 37)। ਭਲੇ ਲੋਕ ਵੀ ਉਂਜ ਹੀ ਮਰਦੇ ਹਨ ਜਿਵੇਂ ਦੁਸ਼ਟ ਲੋਕ (ਇਬਰਾਨੀਆਂ 9:27)। ਕਲੀਸੀਆ ਦੇ ਕਾਇਮ ਹੋਣ ਤੋਂ ਲੈ ਕੇ ਹੁਣ ਤਕ ਮਸੀਹ ਦੀ ਦੇਹ ਦੇ ਇਕ ਦਰਜਨ ਜਾਂ ਇਸ ਤੋਂ ਵੱਧ ਲੋਕ ਪਹਿਲਾਂ ਮਰ ਚੁੱਕੇ ਹੋਣਗੇ, ਪਰ ਕਿਸੇ ਮਸੀਹੀ ਦੀ ਸੁਭਾਵਕ ਮੌਤ ਦਾ ਇਹ ਪਹਿਲਾ ਵਿਰਤਾਂਤ ਹੈ।[26] ਲਿਖਿਆ ਹੈ, ''ਅਤੇ ਉਸ ਨੂੰ ਨੁਲ੍ਹਾ ਧੁਲਾ ਕੇ ਇਕ ਚੁਬਾਰੇ ਵਿਚ ਰੱਖ ਦਿੱਤਾ'' (ਆਇਤ 37)। ਯਰੂਸ਼ਲਮ ਵਿਚ ਮੌਤ ਵਾਲੇ ਦਿਨ ਹੀ ਲਾਸ਼ ਨੂੰ ਦਫ਼ਨਾ ਦਿੱਤਾ ਜਾਂਦਾ ਸੀ, ਪਰ ਸ਼ਾਇਦ ਪਿੰਡਾਂ ਵਿਚ ਅਜਿਹਾ ਨਹੀਂ ਹੋਵੇਗਾ।[27] ਕਿਸੇ ਵੀ ਤਰ੍ਹਾਂ, ਉਨ੍ਹਾਂ ਨੇ

ਉਹਦੀ ਲਾਸ਼ ਨੂੰ ਦਫ਼ਨਾਉਣ ਲਈ ਤਿਆਰ ਕੀਤਾ[28] ਅਤੇ ਉਹਨੂੰ ਚੁਬਾਰੇ ਉੱਤੇ ਕਮਰੇ ਵਿਚ ਰੱਖਿਆ, ਜਿੱਥੇ ਉਸ ਨੂੰ ਜਾਣਨ ਵਾਲੇ ਆ ਕੇ ਰੋ ਸਕਦੇ ਸਨ।[29]

ਇਸੇ ਦੌਰਾਨ ਯਾੱਪਾ ਵਿਚ ਪਤਾ ਲੱਗਿਆ ਕਿ ਪਤਰਸ ਲੁੱਦਾ ਤੋਂ ਸਿਰਫ਼ ਬਾਰਾਂ ਮੀਲ ਦੂਰ ਹੈ। ਹੋ ਸਕਦਾ ਹੈ ਕਿ ਇਹ ਵੀ ਪਤਾ ਲੱਗ ਗਿਆ ਹੋਵੇ ਕਿ ਉਹਨੇ ਐਨਿਆਸ ਨੂੰ ਚੰਗਾ ਕੀਤਾ ਸੀ। ਭਾਈਆਂ ਨੇ ਪਤਰਸ ਨੂੰ ਬੁਲਾਉਣ ਦਾ ਫ਼ੈਸਲਾ ਕੀਤਾ। ‘‘ਅਰ ਇਸ ਲਈ ਜੋ ਲੁਦਾ ਯਾੱਪਾ ਦੇ ਨੇੜੇ ਸੀ, ਚੇਲਿਆਂ ਨੇ ਇਹ ਸੁਣ ਕੇ ਜੋ ਪਤਰਸ ਉੱਥੇ ਹੀ ਹੈ, ਦੋ ਮਨੁੱਖ ਭੇਜ ਕੇ ਉਹਦੀ ਮਿੰਨਤ ਕੀਤੀ ਭਈ ਸਾਡੇ ਕੋਲ ਆਉਣ ਵਿਚ ਢਿੱਲ ਨਾ ਕਰਿਓ’’ (9:38)।

ਦਿਲ ਕਰਦਾ ਹੈ ਕਿ ਮੈਂ ਤੁਹਾਨੂੰ ਦੱਸ ਦਿਆਂ ਕਿ ਚੇਲਿਆਂ ਨੇ ਪਤਰਸ ਨੂੰ ਕਿਉਂ ਸੱਦਿਆ। ‘‘ਆਉਣ ਵਿਚ ਢਿੱਲ ਨਾ ਕਰਿਓ’’ ਵਾਕਾਂਸ਼ ਤੋਂ ਭਾਵ ਸ਼ਾਇਦ ਇਹ ਹੈ ਕਿ ਉਹ ਚਾਹੁੰਦੇ ਸਨ ਕਿ ਦੋਰਕਸ ਦੇ ਦਫ਼ਨਾਏ ਜਾਣ ਤੋਂ ਪਹਿਲਾਂ ਪਤਰਸ ਯਾੱਪਾ ਵਿਚ ਪਹੁੰਚ ਜਾਵੇ[30] ਪਰ ਇਸ ਤੋਂ ਇਹ ਪਤਾ ਨਹੀਂ ਲਗਦਾ ਕਿ ਉਹ ਉਹਦੇ ਦਫ਼ਨਾਉਣ ਤੋਂ ਪਹਿਲਾਂ ਪਤਰਸ ਨੂੰ *ਕਿਉਂ* ਬੁਲਾਉਣਾ ਚਾਹੁੰਦੇ ਸਨ। ਇੰਜ ਨਹੀਂ ਲਗਦਾ ਕਿ ਉਹ ਚਾਹੁੰਦੇ ਹੋਣ ਕਿ ਉਹ ਦੋਰਕਸ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰ ਦੇਵੇ। ਜਿੱਥੋਂ ਤਕ ਬਾਈਬਲ ਦੱਸਦੀ ਹੈ ਕਿ ਰਸੂਲਾਂ ਨੇ ਕਿਸੇ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਨਹੀਂ ਕੀਤਾ ਸੀ।[31] ਇਸਤੀਫ਼ਾਨ ਨੂੰ ਵੀ ਨਹੀਂ ਜਿਵਾਇਆ ਗਿਆ ਸੀ, ਸੋ ਉਨ੍ਹਾਂ ਲਈ ਇਹ ਉਮੀਦ ਕਰਨ ਦਾ ਕੋਈ ਕਾਰਣ ਨਹੀਂ ਸੀ ਕਿ ਦੋਰਕਸ ਨੂੰ ਜਿਵਾਇਆ ਜਾਵੇ। ਦੂਜੇ ਪਾਸੇ ਇਹ ਕਹਿਣਾ ਹੋਛਾਪਣ ਲਗਦਾ ਹੈ ਕਿ ਉਨ੍ਹਾਂ ਨੇ ਉਹਨੂੰ ਛੇਤੀ ਕਰਨ ਦੀ ਬੇਨਤੀ ਕੀਤੀ ਤਾਂ ਜੋ ਉਹ ਆ ਕੇ ਉਹਦੇ ਜਨਾਜ਼ੇ ਵਿਚ ਵਚਨ ਸੁਣਾ ਸਕੇ! ਸ਼ਾਇਦ ਉਹ ਚਾਹੁੰਦੇ ਸਨ ਕਿ ਪਤਰਸ ਸੋਗ ਕਰ ਰਹੀ ਭੀੜ ਨੂੰ ਆ ਕੇ ਤਸੱਲੀ ਦੇਵੇ। ਚੇਲਿਆਂ ਦਾ ਮਕਸਦ ਜੋ ਵੀ ਰਿਹਾ ਹੋਵੇ, ਲੋਕਾਂ ਨੇ ਉਹਨੂੰ ਛੇਤੀ ਆਉਣ ਦੀ ਬੇਨਤੀ ਕੀਤੀ ਤਾਂ ਜੋ ‘‘ਜੋ ਕੁਝ ਉਹਦੇ ਕੋਲ ਸੀ ਉਸ ਨਾਲ ਜੋ ਕੁਝ ਉਹ ਕਰ ਸਕਦਾ ਸੀ, ਕਰੇ।’’

ਇਕ ਪਲ ਲਈ, ਮੈਂ ਧਿਆਨ ਪ੍ਰਕਾਸ਼ ਬਿੰਦੂ ਤੋਂ ਹਟਾ ਕੇ ਉਨ੍ਹਾਂ ਦੋ ਆਦਮੀਆਂ ਵੱਲ ਦੁਆਉਣਾ ਚਾਹੁੰਦਾ ਹਾਂ ਜੋ ਪਤਰਸ ਦੇ ਨਾਲ ਗਏ ਸਨ। ਚੇਲਿਆਂ ਨੇ ‘‘ਦੋ ਮਨੁੱਖ ਭੇਜ ਕੇ ਉਹਦੀ ਮਿੰਨਤ ਕੀਤੀ।’’ ਇਨ੍ਹਾਂ ਕੋਲ ਅਜਿਹਾ ਕੁਝ ਨਹੀਂ ਸੀ ਜੋ ਪਤਰਸ ਕੋਲ ਸੀ। ਜੋ ਕੁਝ ਉਹ ਪਤਰਸ ਤੋਂ ਕਰਵਾਉਣਾ ਚਾਹੁੰਦੇ ਸਨ, ਉਹ ਕੁਝ ਅਜਿਹਾ ਸੀ ਜਿਸ ਨੂੰ ਉਹ ਆਪ ਨਹੀਂ ਕਰ ਸਕਦੇ ਸਨ।[32] ਦੂਜੇ ਪਾਸੇ ਉਨ੍ਹਾਂ ਕੋਲ ਵੀ *ਕੁਝ* ਸੀ ਜਿਸ ਨੂੰ ਉਹ ਪ੍ਰਭੂ ਦੀ ਸੇਵਾ ਲਈ ਵਰਤ ਸਕਦੇ ਸਨ। ਉਨ੍ਹਾਂ ਵਿੱਚੋ ਹਰ ਕਿਸੇ ਕੋਲ ਦੋ ਲੱਤਾਂ ਅਤੇ ਇਕ ਮੂੰਹ ਸੀ। ਉਹ ਪਤਰਸ ਕੋਲ ਜਾਣ ਲਈ ਅਤੇ ਉਹਦੇ ਅੱਗੇ ਮਿੰਨਤ ਕਰਨ ਲਈ ਇਨ੍ਹਾਂ ਦੀ ਵਰਤੋਂ ਕਰ ਸਕਦੇ ਸਨ।

ਸਾਡੇ ਵਿੱਚੋਂ ਕਈ ਲੋਕ, ਪ੍ਰਭੂ ਲਈ ਵੱਡੇ ਕੰਮ ਨਾ ਕਰ ਪਾਉਣ ਕਾਰਣ ਕੁਝ ਨਹੀਂ ਕਰ ਪਾਉਂਦੇ। ਜੇ ਸਾਨੂੰ ਲਗਦਾ ਹੈ ਕਿ ਜੇ ਅਸੀਂ ਪਤਰਸ ਵਰਗੇ ਨਹੀਂ ਬਣੇ, ਤਾਂ ਕਿਹਨੂੰ ਪਤਾ ਲੱਗੇਗਾ ਕਿ ਅਸੀਂ ਕੌਣ ਹਾਂ। ਇਨ੍ਹਾਂ ਦੋ ਬੇਨਾਮ ਚੇਲਿਆਂ ਤੋਂ ਸਬਕ ਲਓ। ਖ਼ੁਦਾ ਨੇ ਸਾਨੂੰ ਸਭ ਨੂੰ ਆਪਣੇ ਕੰਮ ਲਈ ਕੁਝ ਨਾ ਕੁਝ ਦਿੱਤਾ ਹੈ। ਸਾਡੇ ਵਿੱਚੋਂ ਬਹੁਤੇ ਲੋਕ ਕਿਸੇ ਦੋਸਤ ਦੇ ਘਰ ਜਾਣ ਲਈ ਆਪਣੀਆਂ ਲੱਤਾਂ ਦੀ ਵਰਤੋਂ ਕਰ ਸਕਦੇ ਸਨ ਅਤੇ ਉਸ ਦੋਸਤ ਨੂੰ ਯਿਸੂ ਬਾਰੇ ਦੱਸਣ ਲਈ ਆਪਣੀ ਅਵਾਜ਼ ਦੀ ਵਰਤੋਂ ਕਰ ਸਕਦੇ ਹਨ। ਜੇ ਅਸੀਂ ਇਨ੍ਹਾਂ ਦੋਹਾਂ ਵਰਗੇ ਹਾਂ ਅਤੇ ਸਾਡੇ ਸਾਹਮਣੇ ਕੋਈ ਅਜਿਹਾ ਕੰਮ ਹੈ ਜਿਹਨੂੰ ਅਸੀਂ ਆਪ ਨਹੀਂ ਕਰ ਸਕਦੇ ਤਾਂ ਅਸੀਂ ਆਪਣੀਆਂ ਲੱਤਾਂ ਅਤੇ ਆਪਣੀ ਅਵਾਜ਼ ਦੀ ਉਸ ਕੰਮ ਨੂੰ ਕਰਨ ਵਿਚ ਕਿਸੇ ਦੀ ਮਦਦ ਲੈਣ

ਲਈ ਵਰਤੋਂ ਕਰ ਸਕਦੇ ਹਾਂ!

ਇਹ ਜ਼ਿਕਰ ਕਰਨਾ ਵੀ ਜ਼ਰੂਰੀ ਹੈ ਕਿ ਆਪਣੀਆਂ ਸਰੀਰਕ ਯੋਗਤਾਵਾਂ ਦੇ ਇਲਾਵਾ ਇਨ੍ਹਾਂ ਦੋ ਆਦਮੀਆਂ ਵਿਚ ਕੰਮ ਨੂੰ ਪੂਰਾ ਕਰਨ ਦੀ ਵੀ ਖ਼ਾਸ ਖੂਬੀ ਸੀ। ਜਦ ਉਨ੍ਹਾਂ ਨੂੰ ਪ੍ਰਭੂ ਲਈ ਕੁਝ ਕਰਨ ਲਈ ਕਿਹਾ ਗਿਆ, ਤਾਂ ਉਹ ਉਸ ਨੂੰ ਕਰਨ ਲਈ ਪੂਰੀ ਤਰ੍ਹਾਂ ਨਾਲ ਸਮਰਪਤ ਹੋ ਗਏ। ਦੱਸੇ ਗਏ ਕੰਮ ਨੂੰ ਕਰਨ ਦੇ ਚਾਹਵਾਨ ਲੋਕ ਬਹੁਤ ਹੀ ਘੱਟ ਮਿਲਦੇ ਹਨ ਅਤੇ ਮੰਡਲੀ ਦੇ ਲੋਕਾਂ ਵਿਚ ਅਜਿਹੇ ਲੋਕਾਂ ਨੂੰ ਪਾ ਕੇ ਕਲੀਸੀਆ ਦੇ ਆਗੂ ਰੋਮਾਂਚ ਨਾਲ ਭਰ ਜਾਂਦੇ ਹਨ। ਜੇ ਯਿਸੂ ਨੇ ਕਿਸੇ ਦੀ ਸਭ ਤੋਂ ਵੱਧ ਤਰੀਫ਼ ਕੀਤੀ ਹੋਵੇਗੀ, ਤਾਂ ਉਹ ਉਹ ਔਰਤ ਸੀ ਜਿਸ ਨੇ ''ਜੋ ਉਸ ਤੋਂ ਬਣਿਆ ਉਸ ਨੇ ਕੀਤਾ'' (ਮਰਕੁਸ 14:8)।

ਇਕ ਵਾਰ ਫੇਰ ਇਨ੍ਹਾਂ ਲੋਕਾਂ ਨੇ ਜੋ ਕੁਝ ਉਹ ਕਰ ਸਕਦੇ ਸਨ, ਕੀਤਾ। ਖ਼ੁਦਾ ਨੇ ਉਨ੍ਹਾਂ ਦੀਆਂ ਕੋਸ਼ਿਸ਼ਾਂ ਵਿਚ ਬਰਕਤ ਪਾਈ: ''ਤਦ ਪਤਰਸ ਉੱਠ ਕੇ ਉਨ੍ਹਾਂ ਦੇ ਨਾਲ ਤੁਰ ਪਿਆ'' (ਆਇਤ 39)। ਜੇ ਮਸੀਹ ਦੀ ਦੇਹ ਦਾ ਹਰ ਅੰਗ ਆਪਣੀ ਕਾਬਲੀਅਤ ਦੀ ਵਰਤੋਂ ਪ੍ਰਭੂ ਲਈ ਕਰੇ ਤਾਂ ਬਿਨਾਂ ਇਸ ਭੇਦ ਭਾਵ ਦੇ ਕਿ ਉਹ ਗੁਣ ਕਿੰਨਾ ਵੱਡਾ ਜਾਂ ਛੋਟਾ ਹੋਵੇਗਾ, ਬੜੇ ਹੈਰਾਨੀਜਨਕ ਨਤੀਜੇ ਨਿੱਕਲਣਗੇ!

## ਦੋਰਕਸ ਕੋਲ ਜੋ ਕੁਝ ਸੀ ਉਹਨੇ ਉਹਦੀ ਵਰਤੋਂ ਕੀਤੀ (9:36, 39-42)

ਕਈ ਘੰਟੇ ਚੱਲਣ ਦੇ ਬਾਅਦ ਉਹ ਦੋ ਜਣੇ ਅਤੇ ਪਤਰਸ ਉਸ ਘਰ ਵਿਚ ਆਏ ਜਿੱਥੇ ਦੋਰਕਸ ਦੀ ਲਾਸ਼ ਰੱਖੀ ਹੋਈ ਸੀ। ''ਅਰ ਜਾਂ [ਪਤਰਸ] ਉੱਥੇ ਪੁੱਜਿਆ ਤਾਂ ਉਹ ਉਹਨੂੰ ਉਸ ਚੁਬਾਰੇ ਵਿਚ ਲੈ ਗਏ'' (ਆਇਤ 39)। ਕਮਰਾ ਉਨ੍ਹਾਂ ਲੋਕਾਂ ਨਾਲ ਖਚਾ ਖਚ ਭਰਿਆ ਹੋਇਆ ਸੀ ਜਿਨ੍ਹਾਂ ਨੂੰ ਉਹਦੇ ਕੀਤੇ ਕੰਮਾਂ, ਜੋ ''ਸ਼ੁਭ ਕਰਮਾਂ ਅਤੇ ਪੁੰਨ ਦਾਨ ਕਰਨ ਵਿਚ ਰੁੱਝੀ ਰਹਿੰਦੀ ਸੀ'' (ਆਇਤ 36) ਦਾ ਫ਼ਾਇਦਾ ਸੀ। ''ਅਤੇ ਸਭ ਵਿਧਵਾਂ[33] ਉਹ ਦੇ ਕੋਲ ਖੜੀਆਂ ਰੋਂਦੀਆਂ[34] ਸਨ ਅਤੇ ਉਹ ਕੁੜਤੇ ਅਤੇ ਬਸਤਰ[35] ਜੋ ਦੋਰਕਸ ਨੇ ਉਨ੍ਹਾਂ ਦੇ ਨਾਲ ਹੁੰਦਿਆਂ ਬਣਾਏ ਵਿਖਾਲਦੀਆਂ ਸਨ'' (ਆਇਤ 39)। ਮੂਲ ਵਿਚ ਵਰਤੇ ਗਏ ਸ਼ਬਦ ਦਾ ਅਰਥ ਹੋ ਸਕਦਾ ਹੈ ਕਿ ਉਨ੍ਹਾਂ ਨੇ ਉਹ ਕੱਪੜੇ *ਪਾਏ ਹੋਏ* ਸਨ ਜੋ ਉਹਨੇ ਉਨ੍ਹਾਂ ਲਈ ਬਣਾਏ ਸਨ। ਮੈਂ ਉਨ੍ਹਾਂ ਨੂੰ ਉਹ ਕਪੜੇ ਵਿਖਾਉਂਦਿਆਂ ਅਤੇ ਪਤਰਸ ਨੂੰ ਇਹ ਦੱਸਦੇ ਸੁਣ ਸਕਦਾ ਹਾਂ, ''ਇਹ ਉਹਨੇ ਹੀ ਬਣਾ ਕੇ ਦਿੱਤਾ ਸੀ ... ਇਹ ਵੀ ਉਹਨੇ ਹੀ ਬਣਾਇਆ ... ਅਤੇ ਇਹ ਵੇਖੋ ਇਹ ਵੀ ਉਹਦੇ ਹੱਥਾਂ ਦਾ ਹੀ ਹੈ!''

ਹੋ ਸਕਦਾ ਹੈ ਕਿ ਦੋਰਕਸ ਬਹੁਗੁਣੀ ਔਰਤ ਨਾ ਹੋਵੇ। ਉਹ ਤਰਕ ਦੇ ਸਕਦੀ ਸੀ, ''ਮੇਰੇ ਕੋਲ ਕਰਨ ਲਈ ਕੁਝ ਨਹੀਂ, ਇਸ ਲਈ ਮੈਂ ਕੁਝ ਨਹੀਂ ਕਰ ਸਕਦੀ।'' ਪਰ ਜੋ ਵਸੀਲੇ ਉਹਦੇ ਕੋਲ ਸਨ, ਉਹਨੇ ਪ੍ਰਭੂ ਲਈ ਉਨ੍ਹਾਂ ਦੀ ਵਰਤੋਂ ਕੀਤੀ। ਉਹਦੇ ਕੋਲ ਇਕ ਸੂਈ, ਕੁਝ ਸਮਾਨ, ਕੁਝ ਧਾਗਾ ਅਤੇ ਸਿਲਾਈ ਕਢਾਈ ਦਾ ਗਿਆਨ ਸੀ। ਇਸ ਤੋਂ ਵੀ ਵੱਧ ਅਹਿਮ ਉਹਦਾ ਸੁਭਾਅ ਸੀ ਜੋ ਸਾਡੇ ਵਿੱਚੋਂ ਹਰੇਕ ਦਾ ਹੋਣਾ ਚਾਹੀਦਾ ਹੈ। ਆਇਤ 38 ਅਤੇ 39 ਵਿਚ ਦੱਸੇ ਦੋ ਜਣਿਆਂ ਵਿਚ ਉਹ ਸਭ ਕਰਨ ਦੀ ਖ਼ਾਸ ਕਾਬਲੀਅਤ ਸੀ ਜੋ ਉਨ੍ਹਾਂ ਨੂੰ ਕਰਨ ਲਈ ਕਿਹਾ ਗਿਆ ਸੀ, ਪਰ ਦੋਰਕਸ ਵਿਚ ਉਨ੍ਹਾਂ ਤੋਂ ਵੀ ਵਧਕੇ ਗੁਣ ਸੀ। ਉਹਨੇ ਉਹ ਕੰਮ ਕੀਤਾ ਜੋ ਕਿਸੇ ਦੇ ਕਹੇ ਬਿਨਾਂ ਕੀਤਾ ਜਾਣਾ ਚਾਹੀਦਾ ਹੈ! ਦੋਰਕਸ ਦਾ ਦਿਲ ਨਰਮ ਅਤੇ ਭਾਵੁਕ ਸੀ।

ਉਹਨੇ ਆਪਣੇ ਆਂਢ ਗੁਆਂਢ ਵੇਖਿਆ ਕਿ ਕਿਸੇ ਨੂੰ ਕੱਪੜਿਆਂ ਦੀ ਲੋੜ ਹੈ। ਉਸ ਸਮਾਜ ਵਿਚ ਇਕ ਵਿਧਵਾ ਜਿਹਦਾ ਕਮਾਉਣ ਵਾਲਾ ਅਤੇ ਸਿਰ ਦਾ ਸਾਈਂ ਮਰ ਜਾਂਦਾ ਸੀ, ਸਭ ਤੋਂ ਵੱਧ ਅਸੁਰੱਖਿਅਤ ਹੁੰਦੀ ਸੀ। ਦੋਰਕਸ ਨੇ ਉਹਦੀ ਵਰਤੋਂ ਕੀਤੀ ਜੋ ਉਹ ਕਰ ਸਕਦੀ ਸੀ। ਯਾਨੀ ਉਹ ਵਿਧਵਾਵਾਂ ਅਤੇ ਹੋਰ ਲੋੜਵੰਦਾਂ ਲਈ ਸਿਲਾਈ ਦਾ ਕੰਮ ਕਰਨ ਲੱਗੀ।[36]

ਜਿੱਥੋਂ ਤਕ ਸਾਨੂੰ ਪਤਾ ਹੈ, ਦੋਰਕਸ ਨੇ ਕਿਸੇ ਬਾਈਬਲ ਕਲਾਸ ਵਿਚ ਵਿਧਵਾਵਾਂ ਜਾਂ ਆਪਣੇ ਸਾਥੀਆਂ ਨੂੰ ਸਿੱਖਿਆ ਨਹੀਂ ਦਿੱਤੀ ਸੀ, ਕੋਈ ਮੋਅਜਜ਼ਾ ਨਹੀਂ ਕੀਤਾ ਸੀ, ਕਿਸੇ ''ਅਹਿਮ ਪ੍ਰੋਜੈਕਟ'' ਨੂੰ ਆਪਣੇ ਹੱਥ ਵਿਚ ਨਹੀਂ ਲਿਆ ਸੀ। ਜੇ ਤੁਸੀਂ ਯਾੱਪਾ ਦੀ ਮੰਡਲੀ ਵਿਚ ਜਾ ਕੇ ਵੇਖਦੇ ਤਾਂ ਉਹ ਤੁਹਾਨੂੰ ਕਦੇ ਅਰਾਮ ਨਾਲ ਬੈਠੀ ਨਾ ਮਿਲਦੀ। ਜੇ ਤੁਸੀਂ ਉਹਦੀ ਸੇਵਕਾਈ ਬਾਰੇ ਪੁੱਛਦੇ, ਤਾਂ ਸ਼ਾਇਦ ਉਹ ਮੋਢਾ ਮਾਰ ਕੇ ਕਹਿੰਦੀ, ''ਮੈਂ ਕੁਝ ਕੱਪੜੇ ਸੀ ਲੈਂਦੀ ਹਾਂ।'' ਪਰ ਸ਼ਾਇਦ ਬਹੁਤ ਦੇਰ ਤੋਂ ਯਾੱਪਾ ਵਿਚ ਕਿਸੇ ਦੇ ਮਰਨ ਤੇ ਐਨੇ ਹੰਝੂ ਨਹੀਂ ਵਹੇ ਹੋਣਗੇ ਜਿੰਨੇ ਦੋਰਕਸ ਦੀ ਮੌਤ ਦੇ ਵਹੇ।

ਦੂਜਿਆਂ ਦੀ ਮਦਦ ਕਰਨ ਨਾਲ ਮਸੀਹੀ ਲੋਕਾਂ ਵੱਲੋਂ ਮਸੀਹ ਦੇ ਆਤਮਾ ਨੂੰ ਵਿਖਾਉਣ ਨੂੰ ਕਈ ਵਾਰ ਅਸੀਂ ਬਹੁਤ ਘਟ ਅਹਿਮੀਅਤ ਦਿੰਦੇ ਹਾਂ। ਪੌਲੁਸ ਨੇ ਲਿਖਿਆ ਹੈ, ''ਉਪਰੰਤ ਜਿਵੇਂ ਸਾਨੂੰ ਮੌਕਾ ਮਿਲੇ ਅਸੀਂ ਸਭਨਾਂ ਨਾਲ ਭਲਾ ਕਰੀਏ ...'' (ਗਲਾਤੀਆਂ 6:10)। ''ਸ਼ੁੱਧ ਅਤੇ ਨਿਰਮਲ ਭਗਤੀ'' ਦਾ ਅਰਥ ਦੱਸਦਿਆਂ ਯਾਕੂਬ ਨੇ ਕਿਹਾ ਕਿ ਇਹ ''ਅਨਾਥਾਂ ਅਤੇ ਵਿਧਵਾਵਾਂ ਦੀ ਉਨ੍ਹਾਂ ਦੀ ਵਿਪਤਾ ਵੇਲੇ ਸੁਧ ਲੈਣਾ''[37] ਹੈ (ਯਾਕੂਬ 1:27)। ਅਜਿਹੇ ਕੰਮ ਦੇ ਦੂਰ ਤਕ ਹੋਣ ਵਾਲੇ ਅਸਰ ਨੂੰ ਦੋਰਕਸ ਦੀ ਕਹਾਣੀ ਵਿਚ ਵੇਖਿਆ ਜਾ ਸਕਦਾ ਹੈ। ਉਹਦੀ ਕਹਾਣੀ ਦੱਸਣ ਲਈ ਸਿਰਫ਼ ਸੱਤ ਆਇਤਾਂ ਦੀ ਹੀ ਲੋੜ ਹੈ, ਪਰ ਉਹ ਸੱਤ ਆਇਤਾਂ ਯੁੱਗਾਂ ਯੁੱਗਾਂ ਤੋਂ ਲੱਖਾਂ ਲੋਕਾਂ ਨੂੰ ਗਰੀਬਾਂ ਦੀ ਮਦਦ ਕਰਨ ਲਈ ਆਪਣੇ ਗੁਣਾਂ ਦੀ ਵਰਤੋਂ ਕਰਨ ਦੀ ਪ੍ਰੇਰਣਾ ਦਿੰਦੀਆਂ ਆ ਰਹੀਆਂ ਹਨ![38] ਇਹ ਹੈਰਾਨੀ ਦੀ ਗੱਲ ਹੈ ਕਿ ਜਦ ਅਸੀਂ ਜੋ ਕੁਝ ਸਾਡੇ ਕੋਲ ਹੈ ਉਹਦੀ ਵਰਤੋਂ ਕਰਨ ਲਈ ਜੋ ਕਰ ਸਕਦੇ ਹਾਂ, ਕਰਦੇ ਹਾਂ ਤਾਂ ਖ਼ੁਦਾ ਕਿਵੇਂ ਸਾਡੀਆਂ ਕੋਸ਼ਿਸ਼ਾਂ ਵਿਚ ਬਰਕਤ ਪਾਉਂਦਾ ਹੈ!

ਭਲਾ ਤੁਹਾਨੂੰ ਕਦੇ ਲੱਗਾ ਹੈ ਕਿ ਤੁਸੀਂ ਯਿਸੂ ਲਈ ਕੁਝ ਨਹੀਂ ਕਰ ਸਕਦੇ? ਕੀ ਤੁਸੀਂ ਸਿਲਾਈ ਕਰ ਸਕਦੇ ਹੋ? ਖਾਣਾ ਬਣਾ ਸਕਦੇ ਹੋ? ਭਾਂਡੇ ਮਾਂਜ ਸਕਦੇ ਹੋ? ਫ਼ਰਸ਼ ਸਾਫ਼ ਕਰ ਸਕਦੇ ਹੋ? ਮੁਰੰਮਤ ਦਾ ਕੰਮ ਕਰ ਸਕਦੇ ਹੋ? ਘਾਹ ਵੱਢ ਸਕਦੇ ਹੋ? ਕਿਸੇ ਨੂੰ ਸੜਕ ਪਾਰ ਕਰਵਾ ਸਕਦੇ ਹੋ? ਕਿਸੇ ਦੁਖੀ ਦੇ ਮੋਢੇ ਤੇ ਹੱਥ ਰੱਖ ਕੇ ਉਹਨੂੰ ਦਿਲਾਸਾ ਦੇ ਸਕਦੇ ਹੋ? ਕਿਸੇ ਬੀਮਾਰ ਕੋਲ ਬੈਠ ਕੇ ਉਹਨੂੰ ਤਸੱਲੀ ਦੇ ਸਕਦੇ ਹੋ? ਕੀ ਤੁਸੀਂ ਪਿਆਸੇ ਨੂੰ ਠੰਡੇ ਪਾਣੀ ਦਾ ਗਲਾਸ ਦੇ ਸਕਦੇ ਹੋ? ਯਿਸੂ ਨੇ ਕਿਹਾ, ''ਜੋ ਕੋਈ ਇਨ੍ਹਾਂ ਛੋਟਿਆਂ ਵਿੱਚੋਂ ਇਕ ਨੂੰ ਚੇਲੇ ਦੇ ਨਾਉਂ ਉੱਤੇ ਨਿਰਾ ਇਕ ਕਟੋਰਾ ਠੰਡੇ ਜਾਣੀ ਦਾ ਪਿਆਵੇ ਮੈਂ ਤੁਹਾਨੂੰ ਸੱਚ ਆਖਦਾ ਹਾਂ ਕਿ ਆਪਣਾ ਫਲ ਕਦੀ ਨਾ ਗੁਆਵੇਗਾ'' (ਮੱਤੀ 10:42)। ਜੋ ਕੁਝ ਵੀ ਤੁਹਾਡੇ ਕੋਲ ਹੈ, ਉਹਦੀ ਵਰਤੋਂ ਕਰੋ, ਭਾਵ ਜੋ ਕੁਝ ਵੀ ਤੁਸੀਂ ਕਰ ਸਕਦੇ ਹੋ, ਉਹ ਜ਼ਰੂਰ ਕਰੋ। ਖ਼ੁਦਾ ਤੁਹਾਡੀਆਂ ਕੋਸ਼ਿਸ਼ਾਂ ਵਿਚ ਬਰਕਤ ਪਾਵੇਗਾ!

ਪਤਰਸ ਲਈ ਵਕਤ ਆ ਗਿਆ ਸੀ ਕਿ ਜੋ ਕੁਝ ਉਹਦੇ ਕੋਲ ਹੈ, ਉਹਦੀ ਵਰਤੋਂ ਕਰੇ, ਭਾਵ ਦੋਰਕਸ ਨੂੰ ਜਿੰਦਾ ਕਰੇ। ਮੈਨੂੰ ਨਹੀਂ ਪਤਾ ਕਿ ਉਹਨੇ ਦੋਰਕਸ ਨੂੰ ਜਿੰਦਾ ਕਰਨ ਦਾ ਫੈਸਲਾ ਕਿਉਂ ਕੀਤਾ। ਉਹ ਇਕ ਭਲੀ ਔਰਤ ਸੀ, ਪਰ ਉਸ ਤੋਂ ਪਹਿਲਾਂ ਵੀ ਤਾਂ ਕਈ ਭਲੇ ਲੋਕ ਮਰੇ ਸਨ ਅਤੇ

ਉਨ੍ਹਾਂ ਨੂੰ ਜ਼ਿੰਦਾ ਨਹੀਂ ਕੀਤਾ ਗਿਆ ਸੀ। ਅਸੀਂ ਐਨਾ ਹੀ ਕਹਿ ਸਕਦੇ ਹਾਂ ਕਿ ਇਸ ਨਾਲ ਉਸ ਮੌਕੇ ਤੇ ਦੋਰਕਸ ਨੂੰ ਜ਼ਿੰਦਾ ਕਰਨ ਦਾ ਖ਼ੁਦਾ ਦਾ ਮਕਸਦ ਪੂਰਾ ਹੋ ਗਿਆ। ਕਿਸੇ ਨੇ ਕਿਹਾ ਹੈ:

> ਹੈਰਾਨੀ ਹੁੰਦੀ ਹੈ ਕਿ ਸਿਰਫ਼ ਦੋਰਕਸ ਮੁਰਦਿਆਂ ਵਿੱਚੋਂ ਜੀ ਉੱਠੀ, ਪਰ ਇਸਤੀਫ਼ਾਨ (7:59) ਜਾਂ ਯਾਕੂਬ (12:2) ਕਿਉਂ ਨਹੀਂ। ਖ਼ੁਦਾਈ ਕਾਰਣ ਜੋ ਵੀ ਹੋਵੇ, ਉਹ ਖ਼ੁਦਾ ਦੀ ਵਡਿਆਈ ਲਈ ਹੀ ਸਨ। ਸ਼ਾਇਦ ਇਹ ਸਵਾਲ ਇਸ ਲਈ ਉੱਠਦਾ ਹੈ ਕਿਉਂਕਿ ਅਸੀਂ ਸਰੀਰਕ ਮੌਤ ਨਾਲ ਐਨੇ ਘਿਰੇ ਹੋਏ ਹਾਂ ਅਤੇ ਯਿਸੂ ਦੇ ਜੀ ਉੱਠਣ ਰਾਹੀਂ ਇਸ ਤੇ ਜਿੱਤ ਬਹੁਤ ਘੱਟ ਮੰਨਦੇ ਹਾਂ।[39]

ਜਿੱਥੋਂ ਤਕ ਸਾਨੂੰ ਪਤਾ ਹੈ ਇਹ ਪਹਿਲਾ ਮੌਕਾ ਸੀ ਜਦ ਕਿਸੇ ਰਸੂਲ ਨੇ ਮੁਰਦਿਆਂ ਵਿੱਚੋਂ ਕਿਸੇ ਨੂੰ ਜ਼ਿੰਦਾ ਕੀਤਾ ਸੀ। ਪਤਰਸ ਨੂੰ ਇਹ ਕਿਵੇਂ ਪਤਾ ਲੱਗਾ ਕਿ ਇਹ ਕਿਵੇਂ ਕਰਨਾ ਹੈ? ਉਹਦੇ ਕੋਲ ''ਮੁਰਦਿਆਂ ਨੂੰ ਜ਼ਿੰਦਾ ਕਿਵੇਂ ਕੀਤਾ ਜਾਵੇ'' ਤੇ ਕੋਈ ਕਿਤਾਬ ਤਾਂ ਨਹੀਂ ਸੀ, ਪਰ ਉਹਨੂੰ ਯਿਸੂ ਦੁਆਰਾ ਮੁਰਦਿਆਂ ਨੂੰ ਜ਼ਿੰਦਾ ਕਰਨਾ ਯਾਦ ਸੀ।[40] ਯਿਸੂ ਦੁਆਰਾ ਜੈਰਸ ਦੀ ਬੇਟੀ ਨੂੰ ਜ਼ਿੰਦਾ ਕਰਨ (ਮਰਕੁਸ 5:21-43; ਲੂਕਾ 8:40-56) ਅਤੇ ਪਤਰਸ ਦੁਆਰਾ ਦੋਰਕਸ ਨੂੰ ਜ਼ਿੰਦਾ ਕਰਨ ਦੀਆਂ ਸਮਾਨਤਾਵਾਂ ਸੰਯੋਗ ਹੀ ਹਨ।[41] ਮੈਂ ਪਤਰਸ ਨੂੰ ਇਹ ਸੋਚਦੇ ਹੋਏ ਕਲਪਨਾ ਕਰ ਸਕਦਾ ਹਾਂ, ''ਯਿਸੂ ਨੇ ਪਹਿਲਾਂ ਕੀ ਕੀਤਾ ਸੀ? ਹਾਂ। ਉਹਨੇ ਲੋਕਾਂ ਨੂੰ ਕਮਰੇ ਵਿੱਚੋਂ ਬਾਹਰ ਭੇਜ ਦਿੱਤਾ ਸੀ।''[42] ਸੋ ''ਪਤਰਸ ਨੇ ਸਭਨਾਂ ਨੂੰ ਬਾਹਰ ਕੱਢਿਆ'' (ਆਇਤ 40)। ਜਦ ਸਭ ਲੋਕ ਬਾਹਰ ਚਲੇ ਗਏ, ਤਾਂ ਪਤਰਸ ਨੇ ''ਗੋਡੇ ਟੇਕ ਕੇ ਪ੍ਰਾਰਥਨਾ ਕੀਤੀ'' (ਆਇਤ 40)! ਯਿਸੂ ਨੇ ਪ੍ਰਾਰਥਨਾ ਲਈ ਗੋਡੇ ਨਹੀਂ ਟੇਕੇ ਸਨ! ਪਰ ਯਿਸੂ ਤਾਂ ਸ਼ਕਤੀ *ਸੀ,* ਜਦ ਕਿ ਪਤਰਸ ਸ਼ਕਤੀ *ਲੱਭ ਰਿਹਾ* ਸੀ। ਪੈਰਾਂ ਭਾਰ ਖਲੋ ਕੇ ਪਤਰਸ ਨੇ ਧਿਆਨ ਕੀਤਾ ਕਿ ਯਿਸੂ ਨੇ ਅੱਗੇ ਕੀ ਕੀਤਾ ਸੀ। ''ਯਾਦ ਆ ਗਿਆ, ਉਹਨੇ ਕਿਹਾ ਸੀ 'ਤਲੀਥਾ ਕੂਮੀ' (ਭਾਵ 'ਹੇ ਛੋਟੀ ਲੜਕੀ, ਉੱਠ!')'' (ਮਰਕੁਸ 5:41; ਲੂਕਾ 8:54)। ਪਤਰਸ ਨੇ ਲਾਸ਼ ਵੱਲ ਮੁੜ ਕੇ ਕਿਹਾ, ''ਹੇ ਤਬਿਥਾ, ਉੱਠ'' (ਆਇਤ 40)। (''ਛੋਟੀ ਕੁੜੀ'' ਲਈ ਅਰਾਮੀ ਸ਼ਬਦ [ਤਲੀਥਾ] ਅਤੇ ''ਤਬਿਥਾ'' ਵਿਚ ਸਿਰਫ਼ ਇਕ ਅੱਖਰ ਦਾ ਹੀ ਫ਼ਰਕ ਹੈ।)[43]

ਜਦ ਯਿਸੂ ਨੇ ਕਿਹਾ, ''ਹੇ ਛੋਟੀ ਲੜਕੀ, ਉੱਠ'' ਤਾਂ ਉਹ ''ਕੁੜੀ ਛਟ ਉੱਠ ਖੜੀ ਹੋਈ ਅਤੇ ਤੁਰਨ ਫ਼ਿਰਨ ਲੱਗੀ'' ਸੀ (ਮਰਕੁਸ 5:42; ਲੂਕਾ 8:55)। ਇਸੇ ਤਰ੍ਹਾਂ, ਦੋਰਕਸ ''ਨੇ ਆਪਣੀਆਂ ਅੱਖੀਆਂ ਖੋਲ੍ਹੀਆਂ ਅਤੇ ਪਤਰਸ ਨੂੰ ਵੇਖ ਕੇ ਉੱਠ ਬੈਠੀ'' (ਆਇਤ 40)।[44] ਯਿਸੂ ਨੇ ਛੋਟੀ ਕੁੜੀ ਨੂੰ ਹੱਥ ਫੜ੍ਹ ਕੇ ਉਠਾਇਆ ਸੀ (ਮਰਕੁਸ 5:41; ਲੂਕਾ 8:54), ਅਤੇ ਪਤਰਸ ਨੇ ''[ਦੋਰਕਸ ਨੂੰ] ਹੱਥ ਦੇ ਕੇ ਉਠਾਇਆ'' (9:41) ''ਸੰਤਾਂ ਅਰ ਵਿਧਵਾਵਾਂ[45] ਨੂੰ ਸੱਦ ਕੇ ਉਸ ਨੂੰ ਉਨ੍ਹਾਂ ਦੇ ਅੱਗੇ ਜੀਉਂਦੀ ਹਾਜ਼ਰ'' (9:41) ਕਰਕੇ ਪਤਰਸ ਹਰ ਕਿਸੇ ਕੋਲ ਜਾ ਕੇ ਖੁਸ਼ੀ ਨਾਲ ਜ਼ੋਰ-ਜ਼ੋਰ ਦੀ ਹੱਸ ਰਿਹਾ ਹੋਵੇਗਾ।

ਘਟਨਾਵਾਂ ਦੀ ਇਸ ਲੜੀ ਨੂੰ ਜੇ. ਡਬਲਯੂ. ਮੈਕਗਰਵੇ ਨੇ ਇਨ੍ਹਾਂ ਸ਼ਬਦਾਂ ਵਿਚ ਪੇਸ਼ ਕੀਤਾ ਹੈ:

> ਇਖ਼ਤਿਆਰ ਦੇ ਲਹਿਜ਼ੇ, ਅਤੇ ਨਰਮਾਈ ਨਾਲ, ਭਾਵ ਅਜਿਹੇ ਲਹਿਜ਼ੇ ਨਾਲ ਜੋ ਮੁਰਦਿਆਂ ਨੂੰ ਸੁਣਾਈ ਦੇ ਸਕੇ, [ਪਤਰਸ] ਠੰਡੀ ਪੈ ਚੁੱਕੀ ਲਾਸ਼ ਨੂੰ ਕਹਿੰਦਾ ਹੈ, ''ਹੇ ਤਬਿਥਾ, ਉੱਠ।'' ਉਹਦੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ ਅਤੇ ਉਹ ਪਤਰਸ ਨੂੰ

ਵੇਖਦੀ ਹੈ ਅਤੇ ਉਹ ਉਹਨੂੰ ਪਛਾਣਦੀ ਹੈ, ਭਲਾ ਉਹ ਉਹਦੇ ਲਈ ਅਜਨਬੀ ਹੈ? ਪਤਾ ਨਹੀਂ। ਉਹ ਉੱਠ ਕੇ ਬੈਠਦੀ ਹੈ ਅਤੇ ਉਹਦੇ ਮੂੰਹ ਵੱਲ ਵੇਖਦੀ ਹੈ। ਉਨ੍ਹਾਂ ਦੋਹਾਂ ਵਿਚ ਕੋਈ ਹੋਰ ਗੱਲ ਨਹੀਂ ਹੁੰਦੀ; ਪਰ ਉਹ ਹੌਲੀ ਹੌਲੀ ਆਪਣਾ ਹੱਥ ਉਸ ਨੂੰ ਫੜਾਉਂਦਾ ਹੈ। ਅਤੇ ਉਸ ਨੂੰ ਪੈਰਾਂ ਭਾਰ ਖਲੋਣ ਵਿਚ ਮਦਦ ਕਰਦਾ ਹੈ। ਉਹ ਸੰਤਾਂ ਅਤੇ ਵਿਧਵਾਵਾਂ ਨੂੰ ਅੰਦਰ ਸੱਦਦਾ ਹੈ ਅਤੇ ਆਪਣੇ ਸਫ਼ੇਦ ਕਫ਼ਨ ਵਿੱਚੋਂ ਉਹ ਉਹਨਾਂ ਸਾਹਮਣੇ ਜੀਉਂਦੀ ਖੜੀ ਹੋ ਜਾਂਦੀ ਹੈ ... । [ਪਤਰਸ] ਉਨ੍ਹਾਂ ਰੋਣ ਵਾਲਿਆਂ ਨਾਲ ਰੋਣ ਲਈ ਆਇਆ ਸੀ ਪਰ ਹੁਣ ਉਹ ਅਨੰਦ ਕਰਨ ਵਾਲਿਆਂ ਨਾਲ ਅਨੰਦ ਕਰਨ ਲੱਗਾ।[46]

ਇੱਥੋਂ ਤਕ ਕਿਸੇ ਮਸੀਹੀ ਦੀ ਮੌਤ ਵਿਚ ਪ੍ਰਮੇਸ਼ਵਰ ਦੇ ਹਰ ਬੱਚੇ ਲਈ ਇਕ ਖ਼ਾਸ ਸਬਕ ਹੈ। ਰਸੂਲਾਂ ਦੇ ਕੰਮ 5 ਅਧਿਆਇ ਵਿਚ ਹਨਾਨੀਆਹ ਅਤੇ ਸਫ਼ੀਰਾ ਦੀ ਮੌਤ ਨੇ ਸਾਡੇ ਤੇ ਇਸ ਸੁਨੇਹੇ ਦਾ ਅਸਰ ਪਾਇਆ ਸੀ ਕਿ ਖ਼ੁਦਾ ਨਾਲ ਮਜ਼ਾਕ ਨਹੀਂ ਕੀਤਾ ਜਾ ਸਕਦਾ! ਜਦ ਇਸਤੀਫ਼ਾਨ ਮਾਰਿਆ ਗਿਆ ਸੀ ਤਾਂ ਖ਼ਾਸ ਦਰਸ਼ਨ ਤੋਂ ਇਸ ਗੱਲ ਤੇ ਜ਼ੋਰ ਦਿੱਤਾ ਗਿਆ ਸੀ ਕਿ ਪ੍ਰਭੂ ਜਾਣਦਾ ਹੈ ਕਿ ਉਹਦੇ ਸੰਤ ਕਦ ਸਤਾਏ ਜਾਂਦੇ ਹਨ ਅਤੇ ਉਹ ਉਨ੍ਹਾਂ ਨੂੰ ਵਡਿਆਈ ਦਿੰਦਾ ਹੈ। ਦੋਰਕਸ ਦੀ ਮੌਤ ਅਤੇ ਉਹਦੇ ਬਾਅਦ ਉਹਦਾ ਜੀ ਉੱਠਣਾ ਸਾਨੂੰ ਯਾਦ ਦੁਆਉਂਦਾ ਹੈ ਕਿ ਜੇ ਅਸੀਂ ਆਪਣੇ ਸੱਦੇ ਜਾਣ ਵਿਚ ਵਫ਼ਾਦਾਰ ਹਾਂ, ਤਾਂ ਇਕ ਦਿਨ ਅਸੀਂ ਹਮੇਸ਼ਾ ਲਈ ਖ਼ੁਦਾ ਨਾਲ ਜ਼ਿੰਦਾ ਕੀਤੇ ਜਾਵਾਂਗੇ (1 ਕੁਰਿੰਥੀਆਂ 15:20, 35-38, 42-44, 51-55, 57)।

ਇਸ ਤੋਂ ਪਹਿਲਾਂ ਕਿ ਅਸੀਂ ਦੋਰਕਸ ਦੀ ਕਹਾਣੀ ਖ਼ਤਮ ਕਰੀਏ, ਤਿੰਨ ਗੱਲਾਂ ਤੇ ਜ਼ੋਰ ਦਿੱਤਾ ਜਾਣਾ ਜ਼ਰੂਰੀ ਹੈ: ਪਹਿਲੀ, ਪਤਰਸ ਲਈ ਦੋਰਕਸ ਨੂੰ ਜ਼ਿੰਦਾ ਕਰਨਾ ਐਨਿਆਸ ਨੂੰ ਚੰਗਾ ਕਰਨ ਨਾਲੋਂ ਔਖਾ ਨਹੀਂ ਸੀ। ਐਨਿਆਸ ਨੂੰ ਚੰਗਾ ਕਰਨ ਬਾਰੇ ਦੱਸਣ (ਆਇਤ 34) ਅਤੇ ਦੋਰਕਸ ਨੂੰ ਜ਼ਿੰਦਾ ਕਰਨ ਬਾਰੇ ਦੱਸਣ ਵਿਚ ਇਕ ਇਕ ਆਇਤ ਹੀ ਲੱਗੀ (ਆਇਤ 40)। ਆਲੇ ਦੁਆਲੇ ਦੇ ਸਮਾਜ ਵਿਚ ਦੋਹਾਂ ਦਾ ਅਸਰ ਇੱਕੋ ਜਿਹਾ ਸੀ (ਆਇਤਾਂ 35, 42)।

... ਮੁਰਦਿਆਂ ਨੂੰ ਜਿਵਾਉਣ ਲਈ ਖ਼ੁਦਾ ਵੱਲੋਂ ਅੱਖਾਂ ਖੋਲ੍ਹਣ ਨਾਲੋਂ ਵੱਧ ਸ਼ਕਤੀ ਨਹੀਂ ਲਗਦੀ। ਨਵੇਂ ਨੇਮ ਵਿਚ ਵੱਡੇ, ਮੱਧਮ ਅਕਾਰ ਅਤੇ ਛੋਟੇ ਮੋਅਜਜ਼ੇ ਨਹੀਂ ਹਨ। ਪਹਿਲੀ ਸਦੀ ਵਿਚ ਜਿੰਨੇ ਕੰਮ ਹੋਏ, ਉਨ੍ਹਾਂ ਨੂੰ ਇੱਕੋ ਸਿਰਲੇਖ ਵਿਚ ਵੰਡਿਆ ਗਿਆ ਹੈ ਉਨ੍ਹਾਂ ਨੂੰ ਮੋਅਜਜ਼ੇ ਹੀ ਕਿਹਾ ਗਿਆ ਹੈ! ਜੇ ਮਨੁੱਖਾਂ ਵਿਚ ਅੱਜ ਉਹ ਸ਼ਕਤੀ ਹੁੰਦੀ ਜੋ ਉਸ ਵਕਤ ਉਨ੍ਹਾਂ ਵਿਚ ਸੀ, ਤਾਂ ਉਹ ਅੱਜ ਉਹੀ ਕਰ ਸਕਦੇ ਸਨ ਜੋ ਉਨ੍ਹਾਂ ਨੇ ਉਦੋਂ ਕੀਤਾ ਸੀ।[47]

ਵਰ੍ਹਿਆਂ ਤੋਂ, ਮਸੀਹ ਦੀ ਕਲੀਸੀਆ ਦੇ ਪ੍ਰਚਾਰਕ ਉਨ੍ਹਾਂ ਨੂੰ ਜੋ ਕਹਿੰਦੇ ਹਨ ਕਿ ਉਨ੍ਹਾਂ ਕੋਲ ਮੋਅਜਜ਼ੇ ਕਰਨ ਦੀ ਸ਼ਕਤੀ ਹੈ, ਇਹ ਚੁਣੌਤੀ ਦਿੰਦੇ ਹਨ ਕਿ ''ਸਾਡੇ ਨਾਲ ਕਬਰਸਤਾਨ ਵਿਚ ਆਓ। ਤੁਸੀਂ ਇਕ ਮੁਰਦਾ ਜ਼ਿੰਦਾ ਕਰੋ, ਅਸੀਂ ਦੋ ਕਰਾਂਗੇ!''[48] ਕਈ ਵਾਰ ਇਹ ਦਾਅਵਾ ਕੀਤਾ ਜਾਂਦਾ ਹੈ ਕਿ ''ਸੁਣਿਆ ਹੈ ਕਿ ਕਿਸੇ ਦੂਰ ਥਾਂ ਤੇ ਕੋਈ ਮੁਰਦਾ ਜੀ ਉੱਠਿਆ,'' ਪਰ ਦਾਅਵਾ ਹਮੇਸ਼ਾ ਅਸਪਸ਼ਟ ਜਿਹਾ ਅਤੇ ਅਜਿਹਾ ਹੁੰਦਾ ਹੈ ਕਿ ਉਸ ਨੂੰ ਸਾਬਤ ਨਹੀਂ ਕੀਤਾ ਜਾ ਸਕਦਾ।

ਰਸੂਲਾਂ ਦੇ ਕੰਮ ਦੀ ਕਿਤਾਬ ਵਿਚ ਮੇਰੇ ਗੁਰੂ, ਜੇ ਡਬਲਯੂ ਮੈਗਰਵੇ ਨੇ ਦੋਰਕਸ ਨੂੰ ਜ਼ਿੰਦਾ

ਕਰਨ ਦੀ ਕੋਸ਼ਿਸ਼ ਕਰਨ ਬਾਰੇ ਦੱਸਿਆ। ਇਕ ਘੁਮੱਕੜ ਪ੍ਰਚਾਰਕ ਨੇ ਐਲਾਨ ਕੀਤਾ ਕਿ ਉਸ ਵਿਚ ਅਚੰਭੇ ਕਰਨ ਦੀ ਸ਼ਕਤੀ ਹੈ ਅਤੇ ਉਹ ਉਹਦਾ ਮੁਜ਼ਾਹਰਾ ਕਰੇਗਾ। ਇਕ ਤਾਬੂਤ [ਬਾਕਸ] ਖੋਲ੍ਹਿਆ ਗਿਆ, ਜਿਸ ਵਿੱਚੋਂ ਇਕ ਪੀਲੀ ਪੈ ਚੁੱਕੀ ਲਾਸ਼ ਨਜ਼ਰ ਆ ਰਹੀ ਸੀ। ਪ੍ਰਚਾਰਕ ਨੇ ਐਲਾਨ ਕੀਤਾ, ''ਇਹ ਆਦਮੀ ਤਿੰਨ ਘੰਟੇ ਪਹਿਲਾਂ ਮਰ ਗਿਆ ਸੀ ਪਰ ਮੈਂ ਇਹਨੂੰ ਜ਼ਿੰਦਾ ਕਰ ਦਿਆਂਗਾ!'' ਇਕ ਬੇਵਿਸ਼ਵਾਸਾ ਆਦਮੀ ਉਸ ਬਕਸੇ ਕੋਲ ਚੱਲ ਕੇ ਆਇਆ, ਬਕਸੇ ਵਿਚ ਪਏ ਆਦਮੀ ਵੱਲ ਬੰਦੂਕ ਕਰਕੇ ਕਹਿਣ ਲੱਗਾ, ''ਕਿਸੇ ਮੁਰਦੇ ਨੂੰ ਗੋਲੀ ਮਾਰਨ ਦੇ ਖਿਲਾਫ਼ ਕੋਈ ਕਾਨੂੰਨ ਨਹੀਂ ਹੈ ਨਾ?'' ਉਹ ''ਲਾਸ਼'' ਤਾਬੂਤ [ਬਾਕਸ] ਵਿੱਚੋਂ ਉੱਛਲਕੇ ਨੱਸ ਗਈ।

ਦੂਜਾ, ਧਿਆਨ ਦਿਓ, ਕਿ ਦੋਰਕਸ ਨੂੰ ਚੰਗਾ ਹੋਣ ਦਾ ਕੋਈ ਯਕੀਨ ਨਹੀਂ ਸੀ। ਜਦ ਕਥਿਤ ''ਵਿਸ਼ਵਾਸ ਨਾਲ ਚੰਗਾਈ ਦੇਣ ਵਾਲੇ'' ਨਕਾਮ ਹੋ ਜਾਂਦੇ ਹਨ, ਤਾਂ ਉਹ ਇਸ ਦਾ ਇਲਜ਼ਾਮ ਚੰਗਾਈ ਪਾਉਣ ਵਾਲੇ ਉੱਤੇ ਲਾਉਂਦੇ ਹਨ ਕਿ ''ਉਹਦਾ ਵਿਸ਼ਵਾਸ ਪੂਰਾ ਨਹੀਂ ਸੀ।'' ਪਰ ਨਵੇਂ ਨੇਮ ਦੇ ਸਮੇਂ ਚੰਗਾਈ ਲਈ ਵਿਸ਼ਵਾਸ ਕੋਈ ਜ਼ਰੂਰੀ ਸ਼ਰਤ ਨਹੀਂ ਸੀ।[49] ਮਰਨ ਦੇ ਬਾਅਦ, ਦੋਰਕਸ ਨੂੰ ਕੋਈ ਵਿਸ਼ਵਾਸ ਨਹੀਂ ਸੀ ਕਿ ਪਤਰਸ ਉਹਨੂੰ ਜ਼ਿੰਦਾ ਕਰ ਦੇਵੇਗਾ ਅਤੇ ਉਹਨੂੰ ਫੇਰ ਤੋਂ ਜ਼ਿੰਦਗੀ ਮਿਲ ਜਾਵੇਗੀ।

ਤੀਜਾ ਅਤੇ ਬੇਹੱਦ ਅਹਿਮ, ਦੋਰਕਸ ਨੂੰ ਜ਼ਿੰਦਾ ਕਰਨਾ ਕਹਾਣੀ ਦਾ ਅਖ਼ੀਰ ਨਹੀਂ ਸੀ। ਮੋਅਜਜ਼ਾ ਆਪਣੇ ਆਪ ਵਿਚ ਕਦੇ ਵੀ ਮੰਜ਼ਿਲ ਨਹੀਂ ਸੀ, ਸਗੋਂ ਮੰਜ਼ਿਲ ਤਕ ਪਹੁੰਚਣ ਦਾ ਜ਼ਰੀਆ ਸਨ। ਰਸੂਲਾਂ ਦੇ ਕੰਮ 9 ਅਧਿਆਇ ਦੇ ਅਖ਼ੀਰ ਵਿਚ ਉਤਸਾਹ ਭਰੀ ਖ਼ਬਰ ਇਹ ਨਹੀਂ ਸੀ ਕਿ ਐਨਿਆਸ ਚੰਗਾ ਹੋ ਗਿਆ ਜਾਂ ਦੋਰਕਸ ਜੀ ਉੱਠੀ ਸੀ, ਸਗੋਂ ਇਹ ਸੀ ਕਿ ਰੂਹਾਂ ਬਚਾਈਆਂ ਗਈਆਂ! ਇਹ ਗੱਲ ਕਿ ਦੋਰਕਸ ਜੀ ਉੱਠੀ ਸੀ, ''ਸਾਰੇ ਯਾੱਪਾ ਵਿਚ ਉਜਾਗਰ ਹੋ ਗਈ ਅਰ ਬਥੇਰਿਆਂ ਨੇ ਪ੍ਰਭੂ ਉੱਤੇ ਨਿਹਚਾ ਕੀਤੀ'' (ਆਇਤ 42)।[50] ਰੂਹਾਨੀ ਤੌਰ ਤੇ ਮੁਰਦਿਆਂ ਨੂੰ ਜ਼ਿੰਦਾ ਕਰਨਾ ਜਿਸਮਾਨੀ ਮੁਰਦਿਆਂ ਨੂੰ ਜ਼ਿੰਦਾ ਕਰਨ ਨਾਲੋਂ ਕਿਤੇ ਅਹਿਮ ਹੈ! ਮੁਕਤੀ ਜਾਂ ਨਜਾਤ ਮੋਅਜਜ਼ੇ ਨਾਲੋਂ ਕਿਤੇ ਅਹਿਮ ਹੈ, ਕਿਉਂਕਿ ''ਮੁਕਤੀ ਲਈ ਸਭ ਤੋਂ ਵੱਡੀ ਕੀਮਤ ਚੁੱਕਾਈ ਗਈ ਹੈ, ਇਸ ਨਾਲ ਸਭ ਤੋਂ ਵੱਡਾ ਫ਼ਲ ਮਿਲਦਾ ਹੈ, ਅਤੇ ... ਇਸ ਨਾਲ ਖ਼ੁਦਾ ਨੂੰ ਸਭ ਤੋਂ ਵੱਧ ਵਡਿਆਈ ਮਿਲਦੀ ਹੈ।''[51]

## ਇਕ ਖਟੀਕ ਕੋਲ ਜੋ ਕੁਝ ਸੀ ਉਹਨੇ ਉਹਦੀ ਵਰਤੋਂ ਕੀਤੀ (9:43)

ਸਮਾਜ ਦੇ ਹਾਂ ਵਿਚ ਜਵਾਬ ਨਾਲ ਪਤਰਸ ਯਾੱਪਾ ਵਿਚ ਠਹਿਰ ਕੇ ਰੂਹਾਂ ਦੀ ਵਾਢੀ ਕਰਨ ਲਈ ਉਤਸ਼ਾਹਿਤ ਹੋ ਗਿਆ। ਇਸ ਲਈ ਲੂਕਾ ਨੇ ਅਧਿਆਇ ਨੂੰ ਖਤਮ ਕੀਤਾ, ''ਫੇਰ ਐਉਂ ਹੋਇਆ ਕਿ ਉਹ ਬਹੁਤ ਦਿਨ ਯਾੱਪਾ ਵਿਚ ਸ਼ਮਊਨ ਨਾਮੇ ਇਕ ਖਟੀਕ ਦੇ ਘਰ ਟਿਕਿਆ'' (ਆਇਤ 43)। ਲੂਕਾ ਨੇ ਅਗਲੇ ਅਧਿਆਇ ਵਿਚ ਕੁਰਨੇਲਿਉਸ ਨੂੰ ਹਦਾਇਤ ਦੇਣ ਲਈ ਪਤਰਸ ਦੇ ਸੰਬੋਧਨ ਦੀ ਤਿਆਰੀ ਬਾਰੇ ਦੱਸਿਆ: ''... ਯਾੱਪਾ ਨੂੰ ਮਨੁੱਖ ਭੇਜ ਕੇ ਉਸ ਸ਼ਮਊਨ ਨੂੰ ਜਿਹੜਾ ਪਤਰਸ ਸੱਦੀਦਾ ਹੈ ਬੁਲਵਾ ਲੈ। ਉਹ ਕਿਸੇ ਸ਼ਮਊਨ ਖਟੀਕ ਦੇ ਉੱਤਰਿਆ ਹੋਇਆ ਹੈ ਜਿਹ ਦਾ ਘਰ ਸਮੁੰਦਰ ਦੇ ਕੰਢੇ ਹੈ'' (10:5, 6)।

ਜੇ ਸ਼ਮਊਨ ਦਾ ਚਮੜਾ ਸਾਫ਼ ਕਰਨ ਦਾ ਕਾਰਖਾਨਾ ਉਹਦੇ ਘਰ ਦੇ ਨੇੜੇ ਸੀ, ਜਿਵੇਂ ਕਿ ਆਮ ਤੌਰ ਤੇ ਹੁੰਦਾ ਸੀ, ਤਾਂ ਸ਼ਮਊਨ ਦਾ ਘਰ ਸਮੁੰਦਰ ਦੇ ਕੰਡੇ ਹੀ ਹੋਵੇਗਾ ਕਿਉਂਕਿ ਉਹ

ਚਮੜੇ ਦੀ ਸਫ਼ਾਈ ਲਈ ਸਮੁੰਦਰੀ ਪਾਣੀ ਦੀ ਵਰਤੋਂ ਕਰਦਾ ਸੀ, ਕਿਉਂਕਿ ਖੱਲਾਂ ਨੂੰ ਰੰਗਣਾ ਇਕ *ਬਦਬੂਦਾਰ* ਕੰਮ ਹੈ।[52] ਪਰ ਹੋ ਸਕਦਾ ਹੈ ਕਿ ਲੂਕਾ ਰਸੂਲਾਂ ਦੇ ਕੰਮ 10 ਅਤੇ 11 ਦੀਆਂ ਘਟਨਾਵਾਂ ਦੀ ਤਿਅਰੀ ਵਿਚ ਕੁਝ ਵੱਧ ਹੀ ਕਹਿ ਰਿਹਾ ਹੋਵੇ। ਸ਼ਮਊਨ ਦਾ ਘਰ ਸਮੁੰਦਰ ਕੰਡੇ ਦੂਜੇ ਘਰਾਂ ਨਾਲੋਂ ਵੱਖਰਾ ਹੋਵੇਗਾ, ਕਿਉਂਕਿ ਦੂਜੇ ਯਹੂਦੀ ਉਹਦੇ ਨੇੜੇ ਨਹੀਂ ਰਹਿਣਾ ਚਾਹੁੰਦੇ ਸਨ।[53] ਜ਼ਿਆਦਾਤਰ ਯਹੂਦੀ ਚਮੜੇ ਦੇ ਧੰਦੇ ਨੂੰ ਕਾਰੋਬਾਰ ਨਹੀਂ ਮੰਨਦੇ ਸਨ। ਪਸ਼ੂਆਂ ਦੇ ਚਮੜੇ ਤੋਂ ਚਾਮੜੀ ਦਾ ਕੰਮ ਉਹਦੇ ਕੰਮ ਨੂੰ ਧਾਰਮਿਕ ਤੌਰ ਤੇ ਅਸ਼ੁੱਧ ਕਾਰੋਬਾਰ ਬਣਾ ਦਿੰਦਾ ਸੀ (ਵੇਖੋ ਲੇਵੀਆਂ ਦੀ ਪੋਥੀ 11:35-40)। ਇਹਦੇ ਇਲਾਵਾ, ਜ਼ਿਆਦਾਤਰ ਯਹੂਦੀ ਖ਼ਾਬ ਵਿਚ ਵੀ ਚਾਮੜੀ ਦਾ *ਮਹਿਮਾਨ* ਨਹੀਂ ਬਣਨਾ ਚਾਹੁੰਦੇ ਸਨ। ਜਦ ਕਿ ਚਾਮੜੀ ਹੋਣ ਦੇ ਬਾਵਜੂਦ ਸ਼ਮਊਨ ਇਕ ਮਸੀਹੀ ਦੇ ਰੂਪ ਵਿਚ ਕਬੂਲਿਆ ਜਾ ਸਕਦਾ ਸੀ।[54] ਇਸ ਤੱਥ ਨਾਲ ਕਿ ਪਤਰਸ ਉਹਦੇ ਘਰ ਵਿਚ ਠਹਿਰਣ ਲਈ ਤਿਆਰ ਸੀ, ਅਗਲੇ ਦੋ ਪਾਠਾਂ ਵਿਚ ਵਿਖਾਏ ਗਏ ਇਤਿਹਾਸ ਨੂੰ ਬਦਲਣ ਦੇ ਵਿਹਾਰ ਲਈ ਇਕ ਬਦਲਾਅ ਸੀ।

ਇਸ ਤੋਂ ਪਹਿਲਾਂ ਕਿ ਅਸੀਂ ਅਧਿਆਇ 9 ਨੂੰ ਛੱਡ ਕੇ ਅੱਗੇ ਵਧੀਏ, ਆਓ ਧਿਆਨ ਦਈਏ ਕਿ ਇਹ ਕਿਵੇਂ ਸਾਡੇ ਪਾਠ ਦੀ ਮੁੱਖ ਗੱਲ ਨੂੰ ਪੇਸ਼ ਕਰਦਾ ਹੈ। ਇਸੇ ਤਰ੍ਹਾਂ ਦੇ ਇਕ ਦ੍ਰਿਸ਼ ਦੀ ਕਲਪਨਾ ਕਰੋ: ਦੋਰਕਸ ਦੇ ਜੀ ਉੱਠਣ ਦੇ ਬਾਅਦ, ਪਤਰਸ ਉਸ ਜਸ਼ਨ ਨੂੰ ਵੇਖਣ ਲਈ ਇਕ ਪਾਸੇ ਖੜਾ ਹੋ ਗਿਆ, ਹੈਰਾਨ ਸੀ ਕਿ ਉਹ ਰਾਤ ਕਿੱਥੇ ਕੱਟੇਗਾ। ਅਖ਼ੀਰ ਵਿਚ ਮੈਲੇ ਕੁਚੈਲੇ ਕੱਪੜਿਆਂ ਵਿਚ ਪੁਰਾਣੇ ਚਮੜੇ ਦੇ ਰੰਗ ਵਾਲਾ ਇਕ ਆਦਮੀ,[55] ਝਿਜਕਦਾ ਹੋਇਆ ਉਹਦੇ ਕੋਲ ਆਇਆ ਅਤੇ ਕਹਿਣ ਲੱਗਾ, ''ਜੇ ਅੱਜ ਰਾਤ ਤੁਸੀਂ ਕਿਸੇ ਹੋਰ ਦੇ ਘਰ ਨਹੀਂ ਰੁਕ ਰਹੇ ਤਾਂ ਮੇਰੇ ਘਰ ਰਹਿਣ ਲਈ ਵਾਧੂ ਜਗ੍ਹਾ ਹੈ।'' ਪਰ ਇਸ ਤੋਂ ਪਹਿਲਾਂ ਕਿ ਪਤਰਸ ਜਵਾਬ ਦਿੰਦਾ, ਉਹਨੇ ਫ਼ੁਰਤੀ ਨਾਲ ਕਿਹਾ, ''ਜੇ ਤਸੀਂ ਨਹੀਂ ਆਓਗੇ ਤਾਂ ਮੈਂ ਬੁਰਾ ਨਹੀਂ ਮੰਨਾਗਾ। ਮੈਂ ਇਕ ਖਟੀਕ ਹਾਂ ਅਤੇ ਮੇਰਾ ਘਰ ਸ਼ਹਿਰੋਂ ਬਾਹਰ ਸਮੁੰਦਰ ਕੰਢੇ ਹੈ।'' ਪਤਰਸ ਨੇ ਮੁਸਕੁਰਾਉਂਦਿਆਂ ਕਿਹਾ, ''ਮੈਂ ਇਕ ਮਾਛੀ ਸਾਂ। ਮੈਨੂੰ ਸਮੁੰਦਰ *ਚੰਗਾ ਲਗਦਾ* ਹੈ। ਤੇਰਾ ਮਹਿਮਾਨ ਬਣਕੇ ਮੈਨੂੰ ਖੁਸ਼ੀ ਹੋਵੇਗੀ!'' ਇਸ ਤਰ੍ਹਾਂ ਉਹ ਉਹਦੇ ਨਾਲ ''ਕਈ ਦਿਨ ਰਿਹਾ।''

ਸ਼ਮਊਨ ਨੇ ਸਹਿਜੇ ਜਿਹੇ ਕਿਹਾ ਹੋਵੇਗਾ, ''ਮੇਰੇ ਕੋਲ ਅਜਿਹਾ ਕੁਝ ਵੀ ਨਹੀਂ ਹੈ ਜੋ ਮੈਂ ਪ੍ਰਭੂ ਲਈ ਵਰਤ ਸਕਾਂ।'' ਜੇ ਉਹਨੂੰ ਕਿਸੇ ਨੇ ਯਾਦ ਦੁਆਇਆ ਕਿ ਉਹਦੇ ਕੋਲ ਇਕ ਘਰ ਹੈ, ਤਾਂ ਉਹਨੇ ਜਵਾਬ ਦਿੱਤਾ ਹੋਵੇਗਾ, ''ਯਕੀਨਨ ਹੀ ਤੁਸੀਂ ਮਜ਼ਾਕ ਕਰ ਰਹੇ ਹੋ। ਮੇਰੇ ਘਰੋਂ ਤਾਂ ਗੋਡੇ ਗੋਡੇ ਬੋਅ ਆਉਂਦੀ ਹੈ! ਉੱਥੇ ਕੌਣ ਰੁਕਣਾ ਚਾਹੇਗਾ?'' ਪਰ ਉਸ ਖਟੀਕ ਨੇ ਇਹ ਮਹਿਸੂਸ ਕੀਤਾ ਕਿ ਜੋ ਕੁਝ ਵੀ ਉਹਦੇ ਕੋਲ ਸੀ, ਭਾਵੇਂ ਉਹ ਕਿੰਨਾ ਵੀ ਘਟੀਆ ਕਿਉਂ ਨਾ ਹੋਵੇ, ਉਹ ਖ਼ੁਦਾ ਵੱਲੋਂ ਇਕ ਦਾਨ ਸੀ ਅਤੇ ਉਹਦੀ ਵਰਤੋਂ ਲਈ ਹੀ ਸੀ। *ਮਹਿਮਾਨ ਨਵਾਜ਼ੀ*[56] ਦੀ ਅਹਿਮੀਅਤ ਨੂੰ ਜਾਣਦਿਆਂ, ਸ਼ਮਊਨ ਨੇ ਜੋ ਕੁਝ ਉਹਦੇ ਕੋਲ ਕਰ ਸਕਣ ਲਈ ਸੀ, ਉਹਦੀ ਵਰਤੋਂ ਕੀਤੀ।

## ਸਾਰ

ਅਖ਼ੀਰ ਵਿਚ, ਇਕ ਪਲ ਵਿਚ ਮੈਨੂੰ ਆਪਣਾ ਪਾਠ ਖਤਮ ਕਰਨ ਦੀ ਇਜਾਜ਼ਤ ਦਿਓ:

ਪਹਿਲਾ, ਖ਼ੁਦਾ ਨੇ ਸਾਡੇ ਵਿੱਚੋਂ ਸਭ ਨੂੰ ਸਮਾਂ, ਸ਼ਕਤੀ, ਯੋਗਤਾਵਾਂ ਅਤੇ ਚੀਜ਼ਾਂ ਦਿੱਤੀਆਂ ਹਨ। ਖ਼ੁਦਾ ਦੇ ਦਾਨ ਪਤਰਸ ਨੂੰ ਦਿੱਤੇ ਦਾਨਾਂ ਵਾਂਗ ਹੀ ਸ਼ਾਨਦਾਰ ਹੋ ਸਕਦੇ ਹਨ; ਉਹ ਹਲੀਮ ਅਤੇ ਘਮੰਡ ਰਹਿਤ ਹੋ ਸਕਦੇ ਹਨ, ਜਿਵੇਂ ਉਨ੍ਹਾਂ ਦੋ ਦੂਤਾਂ ਅਰਥਾਤ ਦੋਰਕਸ ਅਤੇ ਸ਼ਮਊਨ ਨੂੰ

ਦਿੱਤੇ ਗਏ ਸਨ। ਬੇਹੱਦ ਉੱਤਮ ਅਭਿਆਸਾਂ ਵਿੱਚੋਂ ਇਕ ਜਿਸ ਵਿਚ ਤੁਸੀਂ ਸ਼ਾਮਲ ਹੋ ਸਕਦੇ ਹੋ, ਉਸ ਨੂੰ ਵੇਖਣ ਲਈ ਕਿ ''ਤੁਹਾਡੇ ਕੋਲ ਕੀ ਹੈ'' ਦੀ ਇਕ ਸੂਚੀ ਬਣਾਓ। ਸ਼ਮਊਨ ਖਟੀਕ ਨੂੰ ਧਿਆਨ ਵਿਚ ਰੱਖ ਕੇ ਅਤੇ ਇਕ ਬਦਬੂਦਾਰ, ਜੰਗ ਖਾਧੀ ਹੋਈ ਕਾਰ, ਜਾਂ ਕਿਸੇ ਘਟੀਆ ਕਰੋਬਾਰ ਦੀ ਸੂਚੀ ਵਿਚ ਪਾਉਣਾ ਨਾ ਭੁੱਲੋ!

ਤੀਜਾ, ਖ਼ੁਦਾ ਸਾਥੋਂ ਉਮੀਦ ਕਰਦਾ ਹੈ ਕਿ ਪਤਰਸ, ਦੋ ਜਣਿਆਂ, ਦੋਰਕਸ ਅਤੇ ਸ਼ਮਊਨ ਵਾਂਗ ਹੀ ਜੋ ਕੁਝ ਵੀ ਕਰਨ ਲਈ ਸਾਡੇ ਕੋਲ ਹੈ, ਉਹ ਅਸੀਂ ਕਰੀਏ। ਯਿਸੂ ਵੱਲੋਂ ਦਿੱਤੇ ਨਿਆਂ ਦੇ ਦ੍ਰਿਸ਼ਟਾਂਤਾਂ ਵਿਚ ਉਸ ਆਦਮੀ ਨੂੰ ਜਿਹੜਾ ਆਪਣੀ ਯੋਗਤਾ ਦੀ ਵਰਤੋਂ ਨਹੀਂ ਕਰ ਪਾਇਆ ਸੀ, ''ਦੁਸ਼ਟ'' ਅਤੇ ''ਆਲਸੀ'' ਹੋਣ ਦਾ ਸੇਵਕ ਕਿਹਾ ਗਿਆ (ਮੱਤੀ 25:26)।

ਤੀਜਾ, ਜੇ ਸਾਡੇ ਕੋਲ ਕੁਝ ਕਰਨ ਲਈ ਹੈ ਅਤੇ ਅਸੀਂ ਉਹਦੀ ਵਰਤੋਂ ਕਰਦੇ ਹਾਂ ਤਾਂ ਖ਼ੁਦਾ ਸਾਡੀਆਂ ਕੋਸ਼ਿਸ਼ਾਂ ਵਿਚ ਬਰਕਤ ਪਾਵੇਗਾ ਜਿਵੇਂ ਉਹਨੇ ਪਾਠ ਦੇ ਉਨ੍ਹਾਂ ਲੋਕਾਂ ਦੀਆਂ ਕੋਸ਼ਿਸ਼ਾਂ ਵਿਚ ਪਾਈ। ਜੇ ਮਸੀਹ ਦੀ ਦੇਹ ਦਾ ਹਰ ਅੰਗ ਉਹ ਸਭ ਕਰਦਾ ਹੈ ਜੋ ਉਹ ਕਰ ਸਕਦਾ ਹੈ, ਤਾਂ ਅਸੀਂ ਵੇਖਾਂਗੇ ਕਿ ਸਾਰਾ ਸਮਾਜ ਪ੍ਰਭੂ ਵਿਚ ਵਿਸ਼ਵਾਸ ਰੱਖਕੇ ਭਰੋਸੇ ਨਾਲ ਹੁਕਮ ਮੰਨਣ ਲਈ ਉਹਦੇ ਕੋਲ ਆਵੇਗਾ![57]

## ਵਿਜ਼ੁਅਲ-ਏਡ ਨੋਟਸ

ਇਕ ਮੁੱਖ ਵਾਕਾਂਸ਼ ਨੂੰ ਬਾਰ ਬਾਰ ਦੁਹਰਾਇਆ ਗਿਆ ਹੈ ਕਿ ''ਜੋ ਕੁਝ ਤੁਸੀਂ ਕਰ ਸਕਦੇ ਹੋ ਉਹਨੂੰ ਕਰਨ ਲਈ ਜੋ ਕੁਝ ਤੁਹਾਡੇ ਕੋਲ ਹੈ, ਉਹਦੀ ਵਰਤੋਂ ਕਰੋ।'' ਸੁਣਨ ਵਾਲਿਆਂ ਉੱਤੇ ਇਸ ਵਿਚਾਰ ਦਾ ਅਸਰ ਛੱਡਣ ਲਈ ਇਸ ਵਾਕਾਂਸ਼ ਨੂੰ ਬੋਰਡ ਤੇ ਲਿਖ ਲਓ। ਜਦ ਵੀ ਪਾਠ ਵਿਚ ਤੁਸੀਂ ਇਸ ਵਾਕਾਂਸ਼ ਤੇ ਆਓ, ਬੋਰਡ ਫੜ੍ਹ ਕੇ (ਜਾਂ ਉਸ ਸ਼ਬਦ ਵੱਲ ਇਸ਼ਾਰਾ ਕਰਕੇ) ਆਪਣੇ ਸੁਣਨ ਵਾਲਿਆਂ ਤੋਂ ਬੁਲਵਾਓ। ਪਾਠ ਦੇ ਅਖ਼ੀਰ ਵਿਚ ''ਅਤੇ ਖ਼ੁਦਾ ਤੁਹਾਡੀਆਂ ਕੋਸ਼ਿਸ਼ਾਂ ਵਿਚ ਬਰਕਤ ਦੇਵੇਗਾ'' ਸ਼ਬਦ ਵਿਖਾਉਂਦਿਆਂ ਬੋਰਡ ਵੱਲ ਘੁਮਾਓ (ਜਾਂ ਢਕਿਆ ਹੋਇਆ ਭਾਗ ਖੋਲ੍ਹ ਦਿਓ)!

---

ਟਿੱਪਣੀਆਂ

[1]ਇਸ ਪਾਠ ਨੂੰ ਸ਼ੁਰੂ ਕਰਨ ਲਈ ਕੋਈ ਹੋਰ ਨਿੱਜੀ ਉਦਾਹਰਣ ਦਿੱਤੀ ਜਾ ਸਕਦੀ ਹੈ, ਜਾਂ ਇਸ ਨੂੰ ''ਤੁਸੀਂ ਹੈਰਾਨ ਹੋਵੇਗੇ ਕਿ ਪਤਰਸ ਦਾ ਕੀ ਬਣਿਆ'' ਵਰਗੇ ਸ਼ਬਦਾਂ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ। [2]ਇਸ ਵਿਚ 5:2; 6:6; 8:1; ਅਤੇ 9:27 ਵਿਚ ਰਸੂਲਾਂ ਦੇ ਆਮ ਹਵਾਲਿਆਂ ਦੀ ਗਿਣਤੀ ਨਹੀਂ ਹੈ। [3]ਪਤਰਸ ਪਿਛਲੀ ਆਇਤ ਵਿਚ ਦਿੱਤੇ ਸ਼ਾਂਤ ਮਾਹੌਲ ਦਾ ਫ਼ਾਇਦਾ ਚੁੱਕ ਰਿਹਾ ਹੋਵੇਗਾ। [4]ਇਹੋ ਜਿਹੀਆਂ ਕਈ ਯਾਤਰਾਵਾਂ ਹੋ ਰਹੀਆਂ ਸਨ। ਕਈਆਂ ਦਾ ਜ਼ਿਕਰ ਸਿਰਫ਼ ਸੰਖੇਪ ਵਿਚ ਹੈ (8:1, 4; 11:19, 20); ਬਹੁਤੀਆਂ ਦਾ ਕੋਈ ਜ਼ਿਕਰ ਵੀ ਨਹੀਂ ਹੈ। [5]ਰਸੂਲਾਂ ਦੇ ਕੰਮ 8:5, 26, 40. ਇਸ ਕਿਤਾਬ ਵਿਚ ਪਹਿਲਾਂ ਆਇਆ ''ਪਤਰਸ ਅਤੇ ਪੌਲੁਸ ਦੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। [6]ਤੁਲਨਾ 8:25. ਇਸ ਕਿਤਾਬ ਵਿਚ ਪਹਿਲਾਂ ਆਇਆ ''ਪਤਰਸ ਅਤੇ ਪੌਲੁਸ ਦੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। [7]ਯਿਸੂ ਨੇ ਪਤਰਸ ਨੂੰ ਆਪਣੀਆਂ ਭੇਡਾਂ ਦੀ ਸੰਭਾਲ ਕਰਨ ਦਾ ਜ਼ਿੰਮਾ ਸੌਂਪਿਆ ਸੀ (ਯੂਹੰਨਾ 21:15-17)। ਪਤਰਸ ਜਿੱਥੇ ਵੀ ਗਿਆ, ਉੱਥੇ ਪਹਿਲਾਂ ਹੀ ਮਸੀਹੀ ਲੋਕ ਮੌਜੂਦ ਸਨ,

ਜਿਸ ਤੋਂ ਇਹ ਸੰਕੇਤ ਮਿਲਦਾ ਹੈ ਕਿ ਯਾਤਰਾ ਦਾ ਮਕਸਦ ਇਹੀ ਸੀ। ਇਹੋ ਜਿਹੀਆਂ ਯਾਤਰਾਵਾਂ ਦੀਆਂ ਉਦਾਹਰਣਾਂ ਲਈ, ਵੇਖੋ ਰਸੂਲਾਂ ਦੇ ਕੰਮ 14:21-23; 15:36. [8]8:25 ਵਿਚ ਦਿੱਤੇ ਗਏ ਪੂਰੇ ਸਾਮਰੀਆ ਵਿਚ ਪਤਰਸ ਦੀ ਆਰੰਭਕ ਮਿਸ਼ਨਰੀ ਯਾਤਰਾ ਦੇ ਮਕਸਦ ਤੇ ਧਿਆਨ ਦਿਓ। 9:35, 42 ਵਿਚ ਇਸ ਯਾਤਰਾ ਤੇ ਪਤਰਸ ਦੇ ਕੰਮ ਦੇ ਨਤੀਜੇ ਵਿਚ ਵੇਖੋ। [9]ਇਸ ਕਿਤਾਬ ਵਿਚ ਪਹਿਲਾਂ ਆਇਆ ''ਪਤਰਸ ਅਤੇ ਪੌਲੁਸ ਦੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। ਲੁੱਦਾ ਜਿਸ ਨੂੰ ਪੁਰਾਣੇ ਨੇਮ ਵਿਚ ''ਲੋਦ'' ਕਿਹਾ ਜਾਂਦਾ ਸੀ, ਅਸੀਰੀ (ਦੇਸ਼ ਨਿਕਾਲੇ) ਤੋਂ ਪਹਿਲਾਂ ਅਤੇ ਬਾਅਦ ਵਿਚ ਬਿਨਿਆਮੀਨੀਆਂ ਦਾ ਸ਼ਹਿਰ ਸੀ (1 ਇਤਿਹਾਸ 8:12; ਨਹਮਯਾਹ 11:35)। [10]ਅਰਥਾਵਲੀ ਵਿਚ ਵੇਖੋ ''ਸੰਤ।''

[11]ਯਾੱਪਾ ਅਤੇ ਲੁੱਦਾ ਸ਼ਹਿਰ ਅਜ਼ੋਤੁਸ ਅਤੇ ਕੈਸਰੀਆ ਦੇ ਦਰਮਿਆਨ ਸਨ। [12]''ਐਨਿਆਸ'' ਇਕ ਯੂਨਾਨੀ ਨਾਮ ਹੈ। ਉਹ ਯੂਨਾਨੀ ਭਾਸ਼ਾ ਬੋਲਣ ਵਾਲਾ ਯਹੂਦੀ ਹੋਵੇਗਾ। ਅਸੀਂ ਨਹੀਂ ਜਾਣਦੇ ਕਿ ਉਹ ਮਸੀਹੀ ਸੀ ਜਾਂ ਨਹੀਂ। [13]ਮੂਲ ਭਾਸ਼ਾ ਵਿਚ ਇਹਦਾ ਅਰਥ ਹੋ ਸਕਦਾ ਹੈ ''ਕਿਉਂਕਿ ਉਹ ਅੱਠ ਸਾਲਾਂ ਦਾ ਸੀ'' ਪਰ ਇਹਦਾ ਅਰਥ ਸ਼ਾਇਦ ''ਅੱਠ ਸਾਲਾਂ ਤੋਂ'' ਹੈ। [14]''ਵਿਛਾਉਣਾ'' ਸ਼ਬਦਅਨੁਵਾਦਕਾਂ ਵੱਲੋਂ ਜੋੜਿਆ ਗਿਆ ਹੈ। ਇੰਟਰਲੀਨਿਅਰ ਵਰਜ਼ਨ ਵਾਲੀ ਮੇਰੀ ਬਾਈਬਲ ਵਿਚ ''ਆਪਣੀ ਕਮਰ ਕੱਸ ਲੈ'' ਹੈ। ਕੁਝ ਲੇਖਕਾਂ ਦਾ ਖ਼ਿਆਲ ਹੈ ਕਿ ਪਤਰਸ ਦੇ ਕਹਿਣ ਤੋਂ ਭਾਵ ''ਉੱਠ, ਅਤੇ *ਮੇਜ਼* ਲਗਾ'' ਸੀ (ਭਾਵ ਉਹ ਆਪਣਾ ਕੰਮ ਕਰਨਾ ਸ਼ੁਰੂ ਕਰ ਦੇਵੇ ਜੋ ਉਹਦੇ ਲਈ ਅੱਠ ਸਾਲਾਂ ਤੋਂ ਕੀਤਾ ਜਾ ਰਿਹਾ ਸੀ)। ਪਰ ਸ਼ਬਦ ਦਾ ਅਨੁਵਾਦ ''ਵਿਛਾਉਣਾ'' ਠੀਕ ਹੀ ਲਗਦਾ ਹੈ। [15]ਇਹ ਇਸ ਗੱਲ ਤੋਂ ਮੰਨਿਆ ਜਾਂਦਾ ਹੈ ਕਿ ਪਤਰਸ ਨੇ ਉਸ ਨੂੰ ਆਪਣਾ ਵਿਛਾਉਣਾ ਘਰ ਲੈ ਜਾਣ ਲਈ ਨਹੀਂ ਕਿਹਾ ਸੀ। [16]ਕੁਝ ਸਾਲ ਪਹਿਲਾਂ ਜਦ ਮੈਂ ਜਪਾਨ ਵਿਚ ਸਾਂ, ਤਾਂ ਰੋਜ਼ ਸਵੇਰੇ ਮੈਂ ''ਉੱਠ ਕੇ ਆਪਣਾ ਵਿਛਾਉਣਾ ਸੁਧਾਰਦਾ ਸਾਂ'' ਭਾਵ ਮੈਂ ਇਸ ਨੂੰ ਤਹਿ ਕਰਕੇ ਇਕ ਪਾਸੇ ਰੱਖ ਦਿੰਦਾ ਸਾਂ। [17]NIV ਵਿਚ ''ਉੱਠ ਅਤੇ ਆਪਣੀ ਦਰੀ ਸੰਭਾਲ'' ਹੈ। [18]ਇਹ ਹੋ ਸਕਦਾ ਹੈ ਕਿ ਸ਼ਾਰੋਨ ਉਸ ਇਲਾਕੇ ਵਿਚ ਕੋਈ ਗੁਮਨਾਮ ਪਿੰਡ ਹੋਵੇ, ਪਰ ਸ਼ਾਰੋਨ ਦੇ ਮੈਦਾਨ ਬਾਰੇ ਸਭ ਜਾਣਦੇ ਸਨ। ਲੂਕਾ ਜ਼ੋਰ ਦੇ ਰਿਹਾ ਸੀ ਕਿ *ਪੂਰੇ ਇਲਾਕੇ* ਨੇ ਸੁਣ ਲਿਆ ਕਿ ਕੀ ਹੋਇਆ, ਜਿਸ ਨਾਲ ਯਾੱਪਾ ਤੋਂ ਆਏ ਭਾਈ ਉਸ ਨੂੰ ਦੋਰਕਸ ਦੀ ਮੌਤ ਤੇ ਸੱਦਣ ਲਈ ਉਤਾਵਲੇ ਹੋ ਗਏ। [19]ਆਇਤ 42 ਵਿਚ ''ਪ੍ਰਭੂ ਤੇ ਨਿਹਚਾ ਕੀਤੀ'' ਸਪਸ਼ਟ ਤੌਰ ਤੇ ਆਇਤ 35 ਵਿਚ ''ਪ੍ਰਭੂ ਦੀ ਵੱਲ ਫਿਰੇ'' ਵਾਂਗ ਹੀ ਹੈ। [20]ਉਹਨੇ ਉਨ੍ਹਾਂ ਨੂੰ ਇਕ ਬਾਅਦ ਵਿਚ ਕੁਰਿੰਥੁਸ ਵਿਚ ਹੋਏ ਵਾਂਗ ''ਕੈਫ਼ਾ ਫ਼ਿਰਕਾ'' ਸ਼ੁਰੂ ਕਰਨ ਤੋਂ ਰੋਕੀ ਰੱਖਿਆ (1 ਕੁਰਿੰਥੀਆਂ 1:12)।

[21]ਇਸ ਕਿਤਾਬ ਵਿਚ ਪਹਿਲਾਂ ਆਇਆ ''ਪਤਰਸ ਅਤੇ ਪੌਲੁਸ ਦੀਆਂ ਯਾਤਰਾਵਾਂ'' ਵਾਲਾ ਨਕਸ਼ਾ ਵੇਖੋ। ਯਾੱਪਾ ਕਿਸੇ ਵੇਲੇ ਦਾਨ ਦੇ ਕਬੀਲੇ ਦਾ ਸ਼ਹਿਰ ਸੀ (ਯਹੋਸ਼ੁਆ 19:46)। ਅੱਜ ਯਾੱਪਾ ਤੇਲ ਅਵੀਵ ਦਾ ਉਪਨਗਰ ਹੈ। [22]ਪੈਂਟੀਕਾਸਟ ਵਾਲੇ ਦਿਨ ਤੋਂ ਲੈ ਕੇ ਹੁਣ ਤਕ ਤਬਿਥਾ ਦੂਜੀ ਔਰਤ ਹੈ ਜਿਹਦਾ ਨਾਂਅ ਰਸੂਲਾਂ ਦੇ ਕੰਮ ਕਿਤਾਬ ਵਿਚ ਆਇਆ ਹੈ। ਪਹਿਲੀ ਸਫ਼ੀਰਾ ਸੀ (5:1)। ਦੋਹਾਂ ਵਿਚ ਕਿੰਨਾ ਫ਼ਰਕ ਹੈ। [23]ਕਈਆਂ ਦਾ ਮੰਨਣਾ ਹੈ ਕਿ ''ਤਬਿਥਾ'' ਅਤੇ ''ਦੋਰਕਸ'' ਦਾ ਅਰਥ ''*ਛੋਟਾ* ਮਿਰਗ'' ਜਾਂ ''ਹਿਰਨੀ ਦਾ ਬੱਚਾ'' ਹੈ। [24]ਐਫ਼. ਐਫ਼ ਬਰੂਸ, *ਦ ਬੁਕ ਆਫ਼ ਦ ਐਕਟਸ,* ਸੰਸ਼ੋਧਿਤ ਸੰਸਕਰਣ (ਗ੍ਰੈਂਡ ਰੈਪਿਡਸ, ਮਿਸ਼ਿਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰ., 1988), 198. [25]ਕਈ ਲੋਕਾਂ ਦਾ ਅੰਦਾਜ਼ਾ ਹੈ ਕਿ ਉਹ ਦੂਜਿਆਂ ਲਈ ਕੱਪੜੇ ਬਣਾਉਂਦੀ ਹੋਈ, ਹੱਦੋਂ ਵੱਧ ਕੰਮ ਕਰਨ ਕਰਕੇ ਮਰ ਗਈ, ਪਰ ਲਿਖਤ ਵਿਚ ਅਜਿਹਾ ਕੁਝ ਨਹੀਂ ਦੱਸਿਆ ਗਿਆ। [26]ਅਸੀਂ ਪਹਿਲਾਂ ਦੋ ਵਿਰਤਾਤਾਂ ਵਿਚ ਗੈਰ ਕੁਦਰਤੀ ਮੌਤ ਬਾਰੇ ਵੇਖਿਆ ਸੀ। ਹਨਨੀਆਹ ਅਤੇ ਸਫ਼ੀਰਾ ਨੂੰ ਖ਼ੁਦਾ ਵੱਲੋਂ ਮਾਰਿਆ ਗਿਆ, ਜਦ ਕਿ ਇਸਤੀਫ਼ਾਨ ਨੂੰ ਯਹੂਦੀਆਂ ਦੇ ਹਜੂਮ ਨੇ ਮਾਰ ਦਿੱਤਾ ਸੀ। [27]ਯਹੂਦੀ ਸ਼ਰ੍ਹਾ ਦੇ ਨਿਯਮਾਂ ਵਿਚ ਦਫ਼ਨਾਉਣ ਦੀਆਂ ਵਿਧੀਆਂ ਠਹਿਰਾਈਆਂ ਗਈਆਂ ਸਨ। ਵੇਖੋ 5:6, 10. ਕਈ ਲੋਕਾਂ ਦਾ ਖ਼ਿਆਲ ਹੈ ਕਿ ਸਥਾਨਕ ਜ਼ਿਲਿਆਂ ਵਿਚ ਦਫ਼ਨਾਉਣ ਲਈ ਤਿੰਨ ਦਿਨ ਤਕ ਉਡੀਕ ਕੀਤੀ ਜਾ ਸਕਦੀ ਸੀ। [28]ਦਫ਼ਨਾਉਣ ਦੀ ਤਿਆਰੀ ਲਈ ਲਾਸ਼ ਨੂੰ ਨਵ੍ਹਾਉਣਾ ਅਤੇ ਮਸਾਲਿਆਂ ਨਾਲ ਉਸ ਨੂੰ ਮਸਹ ਕਰਨਾ ਸ਼ਾਮਲ ਸੀ। ਸਿਰਫ਼ ਲਾਸ਼ ਨੂੰ ਨਵ੍ਹਾਉਣ ਦਾ ਹੀ ਜ਼ਿਕਰ ਹੈ, ਜਿਸ ਕਰਕੇ ਕਈ ਲੋਕਾਂ ਦਾ ਅੰਦਾਜ਼ਾ ਹੈ ਕਿ ਉਹ ਲਾਸ਼ ਨੂੰ ਦਫ਼ਨਾਉਣ ਦੀ ਤਿਆਰੀ *ਨਹੀਂ* ਕਰ ਰਹੇ ਸਨ, ਕਿਉਂਕਿ ਉਨ੍ਹਾਂ ਨੂੰ ਉਮੀਦ ਸੀ ਕਿ ਪਤਰਸ ਦੋਰਕਸ ਨੂੰ ਜ਼ਿੰਦਾ ਕਰ ਦੇਵੇਗਾ। ਪਰ ਸਾਡੇ ਲਈ ''ਨੁਹ੍ਲਾ ਧੁਲਾ ਕੇ'' ਵਰਗੇ ਸ਼ਬਦਾਂ ਨੂੰ ਸਮਝਣ ਦੀ ਲੋੜ ਹੈ ਕਿ ਇਹ ਉਹਨੂੰ ਦਫ਼ਨਾਉਣ ਦੀ ਪ੍ਰਕ੍ਰਿਆ ਦਾ ਇਕ ਭਾਗ ਸੀ। [29]ਅਮਰੀਕਾ ਵਿਚ ਕਈ ਦਿਨਾਂ ਤਿਕ ਮੁਰਦੇ ਨੂੰ ਘਰ ਵਿਚ ''ਲਾਸ਼ ਨੂੰ ਅਰਾਮ ਲਈ'' ਰੱਖਿਆ ਜਾਂਦਾ ਸੀ। ਅੱਜ ਵੀ ਕਈ ਦੇਸ਼ਾਂ ਵਿਚ ਇਹ ਰਵਾਇਤ ਹੈ। [30]ਉਹ ਛੇਤੀ ਕਰਨਾ ਚਾਹੁੰਦੇ ਹੋਣਗੇ ਕਿਉਂਕਿ ਦੁੱਖ ਅਤੇ ਤਕਲੀਫ਼ ਐਨੀ ਵੱਧ ਸੀ, ਪਰ ''ਢਿੱਲ ਨਾ ਕਰਿਓ'' ਵਰਗੇ ਸ਼ਬਦ ਇਸ ਵਿਚਾਰ ਨਾਲ ਮੇਲ ਖਾਂਦੇ ਹਨ ਕਿ ਉਹ ਦੋਰਕਸ ਨੂੰ ਦਫ਼ਨਾਉਣ ਲਈ ਮਜਬੂਰ ਹੋਣ ਤੋਂ ਪਹਿਲਾਂ ਪਤਰਸ ਨੂੰ ਉੱਥੇ ਲਿਜਾਣਾ ਚਾਹੁੰਦੇ ਸਨ।

[31]ਯਿਸੂ ਨੇ ਕਈ ਲੋਕਾਂ ਨੂੰ ਮੁਰਦਿਆਂ ਵਿੱਚੋਂ ਜਿਵਾਇਆ ਸੀ, ਪਰ ਰਸੂਲਾਂ ਨੇ ਅਜੇ ਤਕ ਕਿਸੇ ਨੂੰ ਨਹੀਂ ਜਿਵਾਇਆ ਸੀ। ਇਸ ਘਟਨਾ ਦੇ ਬਾਅਦ ਇਕ ਰਸੂਲ ਦੁਆਰਾ ਕਿਸੇ ਨੂੰ ਮੁਰਦਿਆਂ ਵਿੱਚੋਂ ਜਿਵਾਉਣ ਦੀ ਇਕ ਹੋਰ ਘਟਨਾ 20:9-12 ਵਿਚ ਦਰਜ ਹੈ। [32]ਕਈਆਂ ਦਾ ਦਾਅਵਾ ਹੈ ਕਿ ਨਵੇਂ ਨੇਮ ਦੇ ਸਮਿਆਂ ਵਿਚ ਹਰ ਮਸੀਹੀ ਨੂੰ ਮੋਅਜਜ਼ੇ ਕਰਨ ਦੀਆਂ ਸ਼ਕਤੀਆਂ ਮਿਲੀਆਂ ਹੋਈਆਂ ਸਨ। ਹੁਣ ਤਕ ਦੇ ਅਧਿਐਨ ਵਿਚ ਅਸੀਂ ਇਹਦੇ ਉਲਟ ਕਾਫ਼ੀ ਸਬੂਤ ਵੇਖ ਲਏ ਹਨ ਅਤੇ ਮੌਜੂਦਾ ਉਦਾਹਰਣ ਇਸ ਗੱਲ ਦੀ ਤਸਦੀਕ ਕਰਦੀ ਹੈ ਕਿ ਰਸੂਲਾਂ ਕੋਲ ਉਹ ਸ਼ਕਤੀ ਸੀ ਜੋ ਕਲੀਸੀਆ ਦੇ ਆਮ ਲੋਕਾਂ ਕੋਲ ਨਹੀਂ ਸੀ। ਜੇ ਪਤਰਸ ਦੇ ਆਉਣ ਤੋਂ ਪਹਿਲਾਂ ਐਨਿਆਸ ਨੂੰ ਦੂਸਰੇ ਲੋਕ ਚੰਗਾ ਕਰ ਸਕਦੇ ਹੁੰਦੇ ਤਾਂ ਯਕੀਨਨ ਹੀ ਉਨ੍ਹਾਂ ਕਰ ਦੇਣਾ ਸੀ। ਭਾਈਆਂ ਨੂੰ ਯਾੱਪਾ ਵਿੱਚੋਂ ਪਤਰਸ ਨੂੰ ਸੱਦਣ ਦੀ ਲੋੜ ਨਾ ਪੈਂਦੀ। [33]ਉਹ ਵਿਧਵਾਵਾਂ ਸਨ ਜਿਸ ਕਰਕੇ ਕੁਝ ਲੇਖਕਾਂ ਦਾ ਮੰਨਣਾ ਹੈ ਕਿ ਦੋਰਕਸ ਆਪ ਵੀ ਇਕ ਵਿਧਵਾ ਸੀ। ਹੋ ਸਕਦਾ ਹੈ ਕਿ ਹੋਵੇ ਅਤੇ ਹੋ ਸਕਦਾ ਹੈ ਕਿ ਨਾ ਹੋਵੇ। ਮੇਰੇ ਮਾਤਾ ਪਿਤਾ ਨੇ ਕਈ ਸਾਲਾਂ ਤਕ ਵਿਧਵਾਵਾਂ ਦੀ ਮਦਦ ਕੀਤੀ ਹੈ ਭਾਵੇਂ ਉਹ ਦੋਵੇਂ ਅਜੇ ਵੀ ਜ਼ਿੰਦਾ ਹੋਣ। ਹੋਰਨਾਂ ਦਾ ਖਿਆਲ ਹੈ ਕਿ ਵਿਧਵਾਵਾਂ ਦੀ ਮੌਜੂਦਗੀ ਤੋਂ ਇਹ ਸੰਕੇਤ ਮਿਲਦਾ ਹੈ ਕਿ ਉਹ ਗਰੀਬਾਂ ਲਈ ਸਿਲਾਈ ਕਰਨ ਵਿਚ ਦੋਰਕਸ ਦੇ ਨਾਲ ਕੰਮ ਕਰਨ ਵਾਲੀਆਂ ਸਨ ਕਾਫ਼ੀ ਸੰਭਾਵਨਾ ਹੈ ਕਿ ਉਨ੍ਹਾਂ ਨੂੰ ਦੋਰਕਸ ਦੀਆਂ ਕੋਸ਼ਿਸ਼ਾਂ ਦਾ ਫ਼ਾਇਦਾ ਮਿਲਿਆ ਸੀ। [34]ਇਹ ਇਕ ਭਾਵੁਕ ਦ੍ਰਿਸ਼ ਹੈ। ਮੈਂ ਕਲਪਨਾ ਕਰਦਾ ਹਾਂ ਕਿ ਪਤਰਸ ਦੇ ਵੀ ਯਿਸੂ ਵਾਂਗ ਅੱਥਰੂ ਨਿੱਕਲ ਆਏ ਹੋਣਗੇ (ਤੁਲਨਾ ਯੂਹੰਨਾ 11:35)। [35]ਅਨੁਵਾਦ ਹੋਏ ਸ਼ਬਦ ''ਕੁੜਤੇ ਅਤੇ ਬਸਤਰ'' *ਅੰਦਰੂਨੀ* ਅਤੇ *ਬਾਹਰੀ* ਕੱਪੜਿਆਂ ਵੱਲ ਸੰਕੇਤ ਹੈ। [36]ਲਿਖਤ ਵਿਚ ਕੁਝ ਵੀ ਸੰਕੇਤ ਨਹੀਂ ਮਿਲਦਾ ਕਿ ਉਹ ਸਿਰਫ਼ ਵਿਧਵਾਵਾਂ ਲਈ ਸਿਲਾਈ ਕਰਦੀ ਸੀ। ਪਰ ਆਪਣੀ ਗਰੀਬੀ ਕਾਰਣ, ਵਿਧਵਾਵਾਂ ਜੋ ਕੁਝ ਵੀ ਉਹਨੇ ਉਨ੍ਹਾਂ ਲਈ ਕੀਤਾ ਸੀ, ਉਹਦੀਆਂ ਸ਼ੁਕਰਗੁਜ਼ਾਰ ਸਨ। [37]''ਸੁੱਧ ਲੈਣਾ'' ਤੋਂ ਭਾਵ ''ਜਾ ਕੇ ਵੇਖਣਾ'' ਹੀ ਨਹੀਂ, ਸਗੋਂ ''ਵੇਖਣਾ ਕਿ ਕੀ ਲੋੜ ਹੈ ਅਤੇ ਫਿਰ ਜੋ ਜ਼ਰੂਰੀ ਹੋਵੇ ਉਹ ਕਰਨਾ'' ਹੈ। [38]ਪੁਰਾਣੇ ਮਸੇਂ ਵਿਚ, ਬਰਤਾਨੀਆਂ ਅਤੇ ਅਮਰੀਕਾ ਅਤੇ ਹੋਰ ਥਾਵਾਂ ਵਿਚ ਔਰਤਾਂ ਨੇ ਗਰੀਬਾਂ ਲਈ ਕੱਪੜੇ ਸੀਣ ਲਈ ''ਦੋਰਕਸ ਸੋਸਾਇਟੀਆਂ'' ਬਣਾਈਆਂ ਹਨ। ਇਸ ਨੇਕ ਕੰਮ ਨੂੰ ਕਰਨ ਲਈ ਅਜਿਹੀਆਂ ''ਸੋਸਾਇਟੀਆਂ'' ਦੀ ਲੋੜ ਨਹੀਂ ਹੈ, ਪਰ ਆਮ ਤੌਰ ਤੇ ਔਰਤਾਂ ਨੂੰ ਇਹ ਕੰਮ ਕਰਨਾ ਚੰਗਾ ਲਗਦਾ ਹੈ। [39]ਐਂਥਨੀ ਲੀ ਐਸ਼, *ਦ ਐਕਟਸ ਆਫ਼ ਦ ਅਪੋਸਟਲਸ,* ਪਾਰਟ 1 (ਆਸਟਿਨ, ਟੈਕਸਸ: ਸਵੀਟ ਪਬਲਿਸ਼ਿੰਗ ਕੰ., 1979), 148. [40]ਜਦ ਪਤਰਸ ਨੇ ਐਨਿਆਸ ਨੂੰ ਚੰਗਾ ਕੀਤਾ, ਤਾਂ ਉਹਨੇ ਜ਼ੋਰ ਦਿੱਤਾ ਸੀ ਕਿ *ਚੰਗਾਈ* ਯਿਸੂ ਨੇ ਕੀਤੀ (9:34)। ਮੁਰਦਿਆਂ ਨੂੰ ਜਿਵਾਉਣ ਲਈ ਪਤਰਸ ਦਾ ਯਿਸੂ ਦੇ ਨਮੂਨੇ ਦੀ ਜਾਣ ਬੁੱਝ ਕੇ ਨਕਲ ਕਰਨਾ ਓਸੇ ਵਿਚਾਰ ਉੱਤੇ ਜ਼ੋਰ ਦੇਣ ਲਈ ਹੋਵੇਗਾ। ਦੋਰਕਸ ਨੂੰ ਮੁਰਦਿਆਂ ਵਿੱਚੋਂ ਜ਼ਿੰਦਾ ਕਰਨ ਵਾਲਾ ਪਤਰਸ ਨਹੀਂ ਸਗੋਂ ਯਿਸੂ ਸੀ।

[41]ਏਲੀਆਹ ਅਤੇ ਅਲੀਸ਼ਾ ਦੁਆਰਾ ਮੁਰਦਿਆਂ ਨੂੰ ਜ਼ਿੰਦਾ ਕਰਨ ਦੀਆਂ ਉਦਾਹਰਣਾਂ ਵਿਚ ਕੁਝ ਹੋਰ ਦਿਲਚਸਪ ਸਮਾਨਤਾਵਾਂ ਹਨ (1 ਰਾਜਿਅ 17:17-22; 2 ਰਾਜਿਆਂ 4:32-35)। [42]ਮਰਕੁਸ 5:40; ਲੂਕਾ 8:51. ਸਭ ਨੂੰ ਬਾਹਰ ਭੇਜਣ ਦੇ ਯਿਸੂ ਅਤੇ ਪਤਰਸ ਦੇ ਮਕਸਦ ਫ਼ਰਕ ਸਨ। ਯਿਸੂ ਮੋਅਜਜ਼ੇ ਨੂੰ ਪ੍ਰਚਾਰਤ ਨਹੀਂ ਕਰਨਾ ਚਾਹੁੰਦਾ ਸੀ (ਮਰਕੁਸ 5:43; ਲੂਕਾ 8:56)। ਦੂਜੇ ਪਾਸੇ, ਲੋਕਾਂ ਨੂੰ ਪਤਾ ਚੱਲਣ ਤੇ ਪਤਰਸ ਨੂੰ ਕੋਈ ਇਤਰਾਜ਼ ਨਹੀਂ ਸੀ (9:42)। [43]ਜੇ ''ਤਬਿਥਾ'' ਦਾ ਅਰਥ ''ਛੋਟਾ ਮਿਰਗ'' ਹੈ ਜਿਵੇਂ ਕਿ ਕੁਝ ਲੋਕ ਮੰਨਦੇ ਹਨ, ਤਾਂ ਸਮਾਨਤਾ ਹੋਰ ਵੀ ਵੱਧ ਹੈ; ਯਿਸੂ ਨੇ ਕਿਹਾ, ''ਛੋਟੀ ਕੁੜੀ, ਉੱਠ,'' ਜਦ ਕਿ ਪਤਰਸ ਨੇ ਕਿਹਾ, ''ਛੋਟੀ *ਹਿਰਨੀ,* ਉੱਠ।'' [44]ਨਵੇਂ ਨੇਮ ਦੇ ਹੋਰ ਸਭ ਮੋਅਜਜ਼ਿਆਂ ਵਾਂਗ ਇਹ ਵੀ ਫੌਰਨ, ਪੂਰਾ, ਅਤੇ ਕਾਇਲ ਕਰਨ ਵਾਲਾ ਸੀ। [45]''ਸੰਤਾਂ ਅਰ ਵਿਧਵਾਵਾਂ'' ਵਾਕਾਂਸ਼ ਦਾ ਅਰਥ ਜ਼ਰੂਰੀ ਨਹੀਂ ਹੈ ਕਿ ਇਹ ਹੈ ਕਿ ਉਨ੍ਹਾਂ ਵਿਧਵਾਵਾਂ ਵਿੱਚੋਂ ਕੋਈ ਸੰਤ (ਅਰਥਾਤ ਮਸੀਹੀ) ਨਹੀਂ ਸੀ। ਸਗੋਂ ਇਸ ਤੋਂ ਇਹ ਸੰਕੇਤ ਮਿਲ ਸਕਦਾ ਹੈ ਕਿ ਉਨ੍ਹਾਂ ਵਿੱਚੋਂ ਘਟੋ ਘੱਟ ਕੁਝ ਸੰਤ ਨਹੀਂ ਸਨ। ਦੋਰਕਸ ਨੇ ਹਰ ਕਿਸੇ ਦੀ ਮਦਦ ਕੀਤੀ ਹੋਵੇਗੀ ਭਾਵੇਂ ਉਹ ਮਸੀਹੀ ਸੀ ਜਾਂ ਨਹੀਂ (ਗਲਾਤੀਆਂ 6:10)। ਜੇ ਉਨ੍ਹਾਂ ਵਿੱਚੋਂ ਕੁਝ ਮਸੀਹੀ ਨਹੀਂ ਸਨ, ਤਾਂ ਉਹ ਉਨ੍ਹਾਂ ਵਿਚ ਹੋ ਸਕਦੀਆਂ ਹਨ ਜਿਨ੍ਹਾਂ ਦਾ ਜ਼ਿਕਰ ਆਇਤ 42 ਵਿਚ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਉਸ ਦੇ ਜੀ ਉੱਠਣ ਕਰਕੇ ''ਪ੍ਰਭੂ ਵਿਚ ਨਿਹਚਾ ਕੀਤੀ।'' [46]ਜੇ. ਡਬਲਯੂ. ਮੈਕਗਰਵੇ, *ਨਿਊ ਕਮੈਂਟਰੀ ਆਨ ਐਕਟਸ ਆਫ਼ ਅਪੋਸਟਲਸ,* ਅੰਕ 1 (ਡਿਲਾਈਟ, ਆਰਕੈਂਸਾ: ਗੌਸਪਲ ਲਾਈਟ ਪਬਲਿਸ਼ਿੰਗ ਕੰ., ਮਿਤੀ ਰਹਿਤ), 196-97. [47]ਜਿਮੀ ਐਲਨ, *ਦ ਸਰਵੇ ਆਫ਼ ਐਕਟਸ,* ਅੰਕ 1 (ਸਰਸੀ, ਆਰਕੈਂਸਾ: ਲੇਖਕ ਦੁਆਰਾ, 1986), 113. [48]ਇਸ ਚੁਣੌਤੀ ਤੇ ਇਕ ਫ਼ਰਕ ''ਮੇਰੇ ਨਾਲ ਕਬਰਸਤਾਨ ਦੀ ਦੇਖਭਾਲ ਕਰਨ ਦਾ ਕੰਮ ਸੰਭਾਲੋ'' ਹੈ। ਇਕ ਹੋਰ ਫ਼ਰਕ ਵਿਚ ਜ਼ੋਰ ਦਿੱਤਾ ਜਾਂਦਾ ਹੈ ਕਿ ''ਦਾਅਵਾ ਕਰਨ ਵਾਲੇ ਕੋਲ ਸੱਚਮੁੱਚ ਰਸੂਲਾਂ ਵਾਲੀਆਂ ਸ਼ਕਤੀਆਂ ਹੋਣ ਦੀ ਗੱਲ ਤੇ ਹੀ ਵਿਸ਼ਵਾਸ ਕਰਾਂਗਾ।'' [49]''ਰਸੂਲਾਂ ਦੇ ਕੰਮ, ਭਾਗ 1'' ਵਿਚ 3:5 ਤੇ ਨੋਟਸ ਵੇਖੋ। [50]''ਪ੍ਰਭੂ ਦੀ ਵੱਲ ਫਿਰੇ'' (ਆਇਤ 35) ਅਤੇ ''ਪ੍ਰਭੂ ਉੱਤੇ ਨਿਹਚਾ ਕੀਤੀ''

(ਆਇਤ 42) ਦਾ ਇੱਕੋ ਅਰਥ ਹੈ ਅਤੇ ਇਹ ਮਨਬਦਲੀ ਦੀ ਪ੍ਰਕ੍ਰਿਆ ਨੂੰ ਸੰਖੇਪ ਵਿਚ ਦੱਸਦਾ ਹੈ ਜਿਸ ਵਿਚ ਕੋਈ ਪ੍ਰਭੂ ਵਿਚ ਵਿਸ਼ਵਾਸ ਲਿਆ ਕੇ ਤੌਬਾ ਕਰਨ ਅਤੇ ਬਪਤਿਸਮਾ ਲੈਣ ਨਾਲ ਉਹਦੇ ਵੱਲ ਮੁੜਦਾ ਹੈ (2:37, 38)।

[51]ਵਾਰੇਨ ਡਬਲਯੂ. ਵਿਅਰਸਬੇ, *ਦ ਬਾਈਬਲ ਐਕਸਪੋਜ਼ਿਸ਼ਨ ਕਮੈਂਟਰੀ,* ਅੰਕ 1 (ਵ੍ਹੀਟਨ, ਇਲਿਨੋਇਸ: ਵਿਕਟਰਬੁਕਸ, 1989), 443. [52]ਉਹ ਸਮੁੰਦਰ ਦੇ ਨੇੜੇ ਰਹਿੰਦਾ ਹੋਵੇਗਾ ਤਾਂ ਜੋ ਚਮੜਾ ਰੰਗਣ ਦਾ ਕੰਮ ਸ਼ਹਿਰ ਤੋਂ ਕੁਝ ਫ਼ਾਸਲੇ ਤੇ ਹੋਵੇ ਜਾਂ ਇਸ ਲਈ ਕਿ ਸਮੁੰਦਰ ਦੀ ਹਵਾ ਨਾਲ ਬਦਬੂ ਉੱਡ ਜਾਵੇ। [53]ਸੁਝਾਅ ਦਿੱਤਾ ਗਿਆ ਹੈ ਕਿ ਕਿਸੇ ਖਟੀਕ ਦਾ ਘਰ ਸ਼ਹਿਰ ਤੋਂ ਘੱਟੋ ਘੱਟ ਪੰਜਾਹ ਗਜ਼ ਬਾਹਰ ਹੁੰਦਾ ਸੀ।[54]ਪਤਰਸ ਦੀ ਇਕ ਗੈਰ ਮਸੀਹੀ ਦੀ ਬਜਾਏ ਕਿਸੇ ਮਸੀਹੀ ਨਾਲ ਰਹਿਣ ਦੀ ਸੰਭਾਵਨਾ ਵੱਧ ਹੈ। [55]ਖੱਲਾਂ ਸਾਫ਼ ਕਰਨ ਲਈ ਵਰਤਿਆ ਜਾਣ ਵਾਲਾ ਟੈਨਿਕ ਐਸਿਡ ਇਸ ਨੂੰ ਲਗਾਤਾਰ ਵਰਤਣ ਵਾਲੇ ਦੀ ਚਮੜੀ ਤੇ ਅਸਰ ਕਰਦਾ ਹੈ। [56]ਵੇਖੋ ਰੋਮੀਆਂ 12:13; 1 ਤਿਮੋਥਿਉਸ 3:2; 5:10; ਇਬਰਾਨੀਆਂ 13:2; 1 ਪਤਰਸ 4:9. [57]ਇਸ ਪਾਠ ਦੀ ਵਰਤੋਂ ਉਪਦੇਸ਼ ਕਰਨ ਤੇ ‘‘ਹੁਕਮ ਮੰਨਣ ਤੇ ਭਰੋਸਾ ਕਰਨਾ’’ ਸ਼ਬਦ ਪ੍ਰਭੂ ਦੇ ਹੁਕਮ ਮੰਨਣ ਦੇ ਨਿੱਜੀ ਸੱਦੇ ਵੱਲ ਲਿਆ ਸਕਦੇ ਹਨ।